60

# ''ਗ਼ਰੀਬਾਂ ਨੂੰ ਚੇਤੇ ਰੱਖੋ''

(20:1-6)

ਰਸੂਲਾਂ ਦੇ ਕੰਮ 20 ਅਧਿਆਇ ਦੀਆਂ ਪਹਿਲੀਆਂ ਛੇ ਆਇਤਾਂ ਪੜ੍ਹਨ ਤੇ ਪਤਾ ਲਗਦਾ ਹੈ ਕਿ ਪੌਲੁਸ ਵੱਲੋਂ ਤੀਜੀ ਮਿਸ਼ਨਰੀ ਯਾਤਰਾ ਪੂਰੀ ਕਰਨ ਲਈ ਉਹਦੇ ਯੂਨਾਨ ਜਾਣ ਅਤੇ ਆਉਣ ਦਾ ਸੰਖੇਪ ਵਿਚ ਵੇਰਵਾ ਹੈ:

> ਜਾਂ ਰੌਲਾ ਹਟ ਗਿਆ ਤਾਂ ਪੌਲੁਸ ਨੇ ਚੇਲਿਆਂ ਨੂੰ ਸੱਦ ਕੇ ਦਿਲਾਸਾ ਦਿੱਤਾ ਅਤੇ ਉਨ੍ਹਾਂ ਕੋਲੋਂ ਵਿਦਿਆ ਹੋ ਕੇ ਮਕਦੂਨੀਆ ਵਿਚ ਜਾਣ ਨੂੰ ਤੁਰ ਪਿਆ। ਅਤੇ ਉਨ੍ਹਾਂ ਇਲਾਕਿਆਂ ਵਿੱਚੋਂ ਦੀ ਲੰਘਦਾ ਹੋਇਆ ਉਨ੍ਹਾਂ ਨੂੰ ਬਹੁਤੀਆਂ ਗੱਲਾਂ ਨਾਲ ਦਿਲਾਸਾ ਦੇ ਕੇ ਯੂਨਾਨ ਵਿਚ ਆਇਆ। ਉੱਥੇ ਤਿੰਨ ਮਹੀਨੇ ਕੱਟ ਕੇ ਜਦੋਂ ਉਹ ਜਹਾਜ਼ ਉੱਤੇ ਸੂਰੀਆ ਵੱਲ ਜਾਣ ਨੂੰ ਤਿਆਰ ਹੋਇਆ ਤਦੋਂ ਯਹੂਦੀ ਉਹ ਦੀ ਘਾਤ ਵਿਚ ਲੱਗੇ, ਇਸ ਲਈ ਉਹ ਨੇ ਮਕਦੂਨੀਆ ਦੇ ਰਾਹ ਹੋ ਕੇ ਮੁੜਨ ਦੀ ਦਲੀਲ ਕੀਤੀ। ਅਤੇ ਪੁੱਰਸ ਦਾ ਪੁੱਤਰ ਸੋਪਤਰੁਸ ਜਿਹੜਾ ਬਰੀਆ ਦਾ ਸੀ ਅਤੇ ਥੱਸਲੁਨੀਕੀਆਂ ਵਿੱਚੋਂ ਅਰਿਸਤਰਖੁਸ ਅਤੇ ਸਿਕੁੰਦੁਸ ਅਤੇ ਦਰਬੇ ਦਾ ਗਾਯੁਸ ਅਤੇ ਤਿਮੋਥਿਉਸ ਅਰ ਅਸੀਆ ਦੇ ਤੁਖਿਕੁਸ ਅਰ ਤ੍ਰੋਫ਼ਿਮੁਸ, ਇਹ ਉਹਦੇ ਨਾਲ ਅਸੀਆ ਤੀਕਰ ਗਏ। ਪਰ ਇਹੋ ਅਗਾਹਾਂ ਜਾ ਕੇ ਤ੍ਰੋਆਸ ਵਿਚ ਸਾਨੂੰ ਉਡੀਕਦੇ ਸਨ। ਅਤੇ ਪਤੀਰੀ ਰੋਟੀ ਦੇ ਦਿਨਾਂ ਦੇ ਪਿੱਛੋਂ ਅਸੀਂ ਫ਼ਿਲਿੱਪੈ ਤੋਂ ਜਹਾਜ਼ ਉੱਤੇ ਚੜ੍ਹੇ ਅਤੇ ਪੰਜਵੇਂ ਦਿਨ ਤ੍ਰੋਆਸ ਵਿਚ ਉਨ੍ਹਾਂ ਦੇ ਕੋਲ ਪਹੁੰਚੇ (20: 1-6ੳ)।

ਪਹਿਲਾਂ ਬੇਲੋੜੀਆਂ ਅਤੇ ਸ਼ਾਇਦ ਬੇਕਾਰ ਲੱਗਣ ਵਾਲੀਆਂ ਲਿਖਤਾਂ ਦੀਆਂ ਹੋਰ ਆਇਤਾਂ ਵਾਂਗ ਇਨ੍ਹਾਂ ਦਾ ਗਹਿਰਾਈ ਨਾਲ ਅਧਿਐਨ ਕਰਨ ਤੇ ਡੂੰਘੀਆਂ ਹਕੀਕਤਾਂ ਮਿਲਦੀਆਂ ਹਨ।

ਇਨ੍ਹਾਂ ਛੇ ਆਇਤਾਂ ਦੇ ਸਮੇਂ ਤੇ ਫੇਰ ਵਿਚਾਰ ਕਰਨ ਤੇ[1] ਪਤਾ ਲਗਦਾ ਹੈ ਕਿ ਲਿਖਤ ਦੇ ਇਸ ਭਾਗ ਵਿਚ ਘੱਟੋ-ਘੱਟ ਇਕ ''ਸਾਲ ਦਾ ਸਫ਼ਰ ਅਤੇ ਜੋਖ਼ਮ'' ਹੈ।[2] ਉਸ ਦੌਰਾਨ ਪੌਲੁਸ ਦੀਆਂ ਮੁੱਖ ਦਿਲਚਸਪੀਆਂ ਵਿੱਚੋਂ ਕੁਝ ਨੂੰ ਅਧਿਆਇ 20 ਦੇ ਅਖ਼ੀਰ ਵਿਚ ਉਹਦੇ ਸ਼ਬਦਾਂ ਵਿਚ ਸੰਖੇਪ ਕੀਤਾ ਜਾ ਸਕਦਾ ਹੈ: ''ਨਤਾਣਿਆਂ ਦੀ ਸਹਾਇਤਾ ਕਰੋ ਅਤੇ ਪ੍ਰਭੂ ਯਿਸੂ ਦੇ ਵਚਨ ਚੇਤੇ ਰੱਖੋ ਜੋ ਉਹਨੇ ਆਪ ਫ਼ਰਮਾਇਆ ਸੀ ਭਈ ਲੈਣ ਨਾਲੋਂ ਦੇਣਾ ਹੀ ਮੁਬਾਰਕ ਹੈ'' (ਆਇਤ 35ਅ)। ਉੱਥੇ ''ਨਤਾਣੇ'' ਖ਼ਾਸ ਤੌਰ ਤੇ ''ਯਰੂਸ਼ਲਮ ਦੇ ਸੰਤਾਂ ਵਿੱਚੋਂ ਜਿਹੜੇ ਗਰੀਬ''[3] (ਰੋਮੀਆਂ 15:26) ਸਨ, ਉਨ੍ਹਾਂ ਨੂੰ ਕਿਹਾ ਗਿਆ ਸੀ।

ਯਰੂਸ਼ਲਮ ਦੀ ਕਲੀਸੀਆ ਵਿਚ ਸ਼ੁਰੂ ਤੋਂ ਹੀ ਲੋੜਵੰਦ ਲੋਕ ਸਨ। ਇਹਦੇ ਕਾਇਮ ਹੋਣ

ਦੇ ਥੋੜ੍ਹੀ ਦੇਰ ਬਾਅਦ, ਜਿਨ੍ਹਾਂ ਕੋਲ ਜਾਇਦਾਦ ਸੀ ਉਨ੍ਹਾਂ ਨੇ ਉਨ੍ਹਾਂ ਨੂੰ ਜਿਨ੍ਹਾਂ ਕੋਲ ਕਰਨ ਲਈ ਕੁਝ ਨਹੀਂ ਸੀ, ਆਪਣੀ ਜਾਇਦਾਦ ਵਿੱਚੋਂ ਦੇ ਦਿੱਤਾ ਸੀ (ਰਸੂਲਾਂ ਦੇ ਕੰਮ 2:44, 45; 4:32-35; 6:1)। ਅਕਾਲ ਪੈਣ ਤੇ ਅੰਤਾਕੀਆ ਦੀ ਕਲੀਸੀਆ ਨੇ ਯਰੂਸ਼ਲਮ ਅਤੇ ਯਹੂਦੀਆ ਵਿਚ ਲੋੜੀਂਦੀ ਮਦਦ ਭੇਜੀ ਸੀ (11:27-30; 12:25)। ਪੌਲੁਸ ਅਤੇ ਬਰਨਬਾਸ ਦੇ ਉਚੇਚੇ ਤੌਰ ਤੇ ਯਰੂਸ਼ਲਮ ਜਾਣ ਤੇ ਪਤਰਸ ਅਤੇ ਹੋਰ ਆਗੂਆਂ ਨੇ ਉਨ੍ਹਾਂ ਨੂੰ ''ਗਰੀਬਾਂ ਨੂੰ ਚੇਤੇ ਰੱਖਣ'' ਲਈ ਕਿਹਾ ਸੀ, ਖ਼ਾਸ ਕਰਕੇ ਯਹੂਦੀ ਗਰੀਬ ਮਸੀਹੀਆਂ ਨੂੰ (ਖ਼ਾਸ ਕਰ ਕੇ ਜੋ ਯਰੂਸ਼ਲਮ ਵਿਚ ਸਨ)।[4] ਪੌਲੁਸ ਨੇ ਕਿਹਾ ਕਿ ''ਜਿਸ ਕੰਮ ਲਈ ਮੈਂ ਵੀ ਲੱਕ ਬੱਧਾ ਸੀ'' (ਗਲਾਤੀਆਂ 2:10)।

ਦੂਜੀ ਜਾਂ ਤੀਜੀ ਮਿਸ਼ਨਰੀ ਯਾਤਰਾ ਦੌਰਾਨ ਪੌਲੁਸ ਨੇ ਯਰੂਸ਼ਲਮ ਦੀ ਕਲੀਸੀਆ ਲਈ ਚੰਦਾ ਇਕੱਠਾ ਕਰਨ ਦਾ ਵਿਚਾਰ ਕੀਤਾ ਸੀ।[5] ਉਹਨੂੰ ਉਮੀਦ ਸੀ ਕਿ ਯਹੂਦੀਆਂ ਲਈ ਗੈਰ ਕੌਮਾਂ ਤੋਂ ਪ੍ਰੇਮ ਭੇਂਟ ਨਾਲ ਕਲੀਸੀਆ ਦੇ ਇਨ੍ਹਾਂ ਦੋਹਾਂ ਗੁੱਟਾਂ ਦੇ ਆਪਸੀ ਸਬੰਧ ਮਜ਼ਬੂਤ ਹੋਣਗੇ (2 ਕੁਰਿੰਥੀਆਂ 9:11-14)। ਤੀਜੀ ਯਾਤਰਾ ਵਿਚ ਪੌਲੁਸ ਨੇ ਚੰਦਾ ਇਕੱਠਾ ਕਰਨ ਲਈ ਕੰਮ ਕੀਤਾ (1 ਕੁਰਿੰਥੀਆਂ 16:1, 2; 2 ਕੁਰਿੰਥੀਆਂ 8:10)। ਹੁਣ ਉਹ ਚੰਦੇ ਦੇ ਰੂਪ ਵਿਚ ਇਕੱਠੇ ਹੋਏ ਧਨ ਨੂੰ ਲੈ ਕੇ ਯਰੂਸ਼ਲਮ ਜਾਣ ਨੂੰ ਤਿਆਰ ਸੀ।

ਰਸੂਲਾਂ ਦੇ ਕੰਮ 20:1-6 ਦੇ ਪਿਛੋਕੜ ਨੂੰ ਖੋਜਦਿਆਂ ਇਸ ਮਕਸਦ ਨੂੰ ਧਿਆਨ ਵਿਚ ਰੱਖੋ।

## ਚਿੰਤਾ (20:1)

ਆਇਤ 1 ਚਿੰਤਾ ਨਾਲ ਭਰੀ ਹੋਈ ਹੈ: ''ਜਾਂ ਰੌਲਾ ਹਟ ਗਿਆ ਤਾਂ ਪੌਲੁਸ ਨੇ ਚੇਲਿਆਂ ਨੂੰ ਸੱਦ ਕੇ ਦਿਲਾਸਾ ਦਿੱਤਾ ਅਤੇ ਉਨ੍ਹਾਂ ਕੋਲੋਂ ਵਿਦਿਆ ਹੋ ਕੇ ਮਕਦੂਨੀਆ ਵਿਚ ਜਾਣ ਨੂੰ ਤੁਰ ਪਿਆ।'' ਪਹਿਲਾਂ ਅਫ਼ਸੁਸ ਤੋਂ ਨਿੱਕਲਣ ਲੱਗਿਆਂ ਉੱਥੋਂ ਦੇ ਮਸੀਹੀ ਲੋਕਾਂ ਲਈ ਫ਼ਿਕਰ ਸੀ। ''ਪੌਲੁਸ ਨੇ ਚੇਲਿਆਂ ਨੂੰ ਬੁਲਵਾ ਕੇ'' ਸ਼ਾਇਦ ਇਹ ਵੇਖਣ ਲਈ ਕਿ ਦੰਗੇ ਵਿਚ ਕਿਸੇ ਨੂੰ ਸੱਟ ਨਾ ਲੱਗੀ ਹੋਵੇ, ਜਾਂ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਇਹ ਦੱਸਣ ਲਈ ਕਿ ਉਹ ਤਮਾਸ਼ੇ ਘਰ ਵਿਚ ਕਿਉਂ ਨਹੀਂ ਗਿਆ ਸੀ, ਆਪਣੇ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਦਿਲੇਰ ਕਰਨ ਲਈ ਸੱਦਿਆ ਹੋਵੇਗਾ। ਦੂਜੀ ਫ਼ਿਕਰ ਜਿਵੇਂ ਕਿ ਪਹਿਲਾਂ ਹੀ ਸੁਝਾਅ ਦਿੱਤਾ ਗਿਆ ਹੈ, ''ਯਰੂਸ਼ਲਮ ਦੇ ਸੰਤਾਂ ਵਿੱਚੋਂ ਜਿਹੜੇ ਗਰੀਬ ਸਨ'' ਲਈ ਸੀ। ਪੌਲੁਸ ਲੋੜਵੰਦਾਂ ਲਈ ਚੰਦਾ ਇਕੱਠਾ ਕਰਨ ਲਈ ਮਕਦੂਨੀਆ ਨੂੰ ਜਾ ਰਿਹਾ ਸੀ। ਪਰ ਕਿਸੇ ਹੋਰ ਫ਼ਿਕਰ ਨੇ ਪੌਲੁਸ ਦੀ ਰਾਤਾਂ ਦੀ ਨੀਂਦ ਉਡਾ ਦਿੱਤੀ ਸੀ। ਯੂਨਾਨ ਨੂੰ ਜਾਣ ਦਾ ਉਹਦਾ ਇਕ ਹੋਰ ਕਾਰਣ ਉਹ ਮੁਸ਼ਕਿਲਾਂ ਸਨ ਜਿਨ੍ਹਾਂ ਨਾਲ ਕੁਰਿੰਥੁਸ ਦੀ ਕਲੀਸੀਆ ਦੇ ਖ਼ਤਮ ਹੋਣ ਦਾ ਖ਼ਤਰਾ ਸੀ।

ਅਸੀਂ ਪਿਛਲੇ ਪਾਠ ਵਿਚ ਪੜ੍ਹਿਆ ਸੀ ਕਿ ਪੌਲੁਸ ਨੇ ਤਿਮੋਥਿਉਸ ਵੱਲੋਂ ਸ਼ੁਰੂ ਕੀਤੇ ਕੰਮ ਨੂੰ ਅੱਗੇ ਵਧਾਉਣ ਲਈ ਤੀਤੁਸ ਨੂੰ ਕੁਰਿੰਥੁਸ ਵਿਚ ਭੇਜਿਆ (2 ਕੁਰਿੰਥੀਆਂ 2:12, 13; 17:5-7; 8:6, 23)। ਤੀਤੁਸ ਨੇ ਆ ਕੇ ਪੌਲੁਸ ਨੂੰ ਦੱਸਣਾ ਸੀ ਕਿ ਕੁਰਿੰਥੀਆਂ ਦਾ ਕੀ ਹਾਲ ਹੈ। ਸਾਫ਼ ਹੈ ਕਿ ਨਕਸ਼ੇ ਮੁਤਾਬਕ ਤੀਤੁਸ ਨੂੰ ਕੁਰਿੰਥੁਸ ਤੋਂ ਮਕਦੂਨੀਆ ਅਤੇ ਫਿਰ ਤ੍ਰੋਆਸ ਅਤੇ ਅਖੀਰ ਵਿਚ ਅਫ਼ਸੁਸ ਵਿਚ ਜਾਣਾ ਸੀ। ਮਕਦੂਨੀਆ ਨੂੰ ਜਾਂਦਿਆਂ ਅਫ਼ਸੁਸ ਤੋਂ ਨਿੱਕਲ ਕੇ ਪੌਲੁਸ ਦਾ ਪਹਿਲਾ ਪੜਾਅ ਤ੍ਰੋਆਸ ਸੀ (2 ਕੁਰਿੰਥੀਆਂ 2:12) ਜਿੱਥੇ ਉਹਨੂੰ ਤੀਤੁਸ ਨਾਲ

ਪਹਿਲਾਂ ਤੋਂ ਠਹਿਰਾਈ ਮੁਲਾਕਾਤ ਦੀ ਉਮੀਦ ਸੀ।

ਤ੍ਰੋਆਸ ਏਜੀਅਨ ਸਾਗਰ[6] ਉੱਤੇ ਇਕ ਬੰਦਰਗਾਹ ਸੀ ਜਿੱਥੇ ਪਹਿਲਾਂ ਪੌਲੁਸ ਨੂੰ ਮਕਦੂਨੀਆ ਲਈ ਬੁਲਾਹਟ ਹੋਈ ਸੀ (ਰਸੂਲਾਂ ਦੇ ਕੰਮ 16:8-10)। ਉਸ ਵਕਤ ਥੋੜ੍ਹੀ ਦੇਰ ਉੱਥੇ ਜਾਣ ਕਰਕੇ ਪੌਲੁਸ ਨੇ ਥੋੜ੍ਹਾ ਜਿਹਾ ਜਾਂ ਕੁਝ ਵੀ ਪ੍ਰਚਾਰ ਨਹੀਂ ਕੀਤਾ ਸੀ। ਪਰ ਇਸ ਵਾਰ ਉਹਦੇ ਲਈ ''ਇਕ ਦਰਵਾਜ਼ਾ ਖੋਲ੍ਹ'' ਦਿੱਤਾ ਗਿਆ ਸੀ (2 ਕੁਰਿੰਥੀਆਂ 2:12); ਸ਼ਹਿਰ ਦੇ ਲੋਕ ਇੰਜੀਲ ਨੂੰ ਸੁਣਨ ਲਈ ਤਿਆਰ ਸਨ। ਪੌਲੁਸ ਨੇ ਇਸ ਮੌਕੇ ਦੀ ਵਰਤੋਂ ਆਪਣੀ ਆਦਤ ਦੇ ਉਲਟ ਕੀਤੀ।[7] ਉਹਨੂੰ ਕੁਰਿੰਥੁਸ ਦੀ ਐਨੀ ਫ਼ਿਕਰ ਸੀ ਕਿ ਉਹ ਹਾਲਾਤ ਦਾ ਫ਼ਾਇਦਾ ਚੁੱਕਣ ਲਈ ਰੁਕ ਨਹੀਂ ਸਕਿਆ। ਬਾਅਦ ਵਿਚ ਉਹਨੇ ਲਿਖਿਆ: ''ਤਾਂ ਜਦੋਂ ਆਪਣੇ ਭਾਈ ਤੀਤੁਸ ਨੂੰ ਉੱਥੇ ਨਾ ਵੇਖਿਆ ਮੇਰੇ ਆਤਮਾ ਨੂੰ ਚੈਨ ਨਾ ਹੋਇਆ ਪਰ ਉਨ੍ਹਾਂ ਤੋਂ ਵਿਦਿਆ ਹੋ ਕੇ ਮਕਦੂਨੀਆ ਨੂੰ ਗਿਆ'' (2 ਕੁਰਿੰਥੀਆਂ 2:13)।

ਪੌਲੁਸ ਨੂੰ ਆਸ ਸੀ ਕਿ ਉਹ ਤਿਮੋਥਿਉਸ ਨੂੰ ਮਕਦੂਨੀਆ ਵਿਚ ਰੋਕ ਲਵੇਗਾ ਪਰ ਤੀਤੁਸ ਉੱਥੇ ਹੈ ਹੀ ਨਹੀਂ ਸੀ। ਉਸ ਜਵਾਨ ਪ੍ਰਚਾਰਕ ਦੀ ਉਡੀਕ ਕਰਦਿਆਂ ਪੌਲੁਸ ਨੇ ਚੰਦਾ ਇਕੱਠਾ ਕਰਨ ਦਾ ਕੰਮ ਕੀਤਾ ਅਤੇ ਮਕਦੂਨੀਆ ਦੇ ਮਸੀਹੀ ਲੋਕਾਂ ਦੀ ਖੁੱਲ੍ਹ-ਦਿਲੀ ਨੂੰ ਵੇਖ ਕੇ ਉਹ ਖੁਸ਼ੀ ਨਾਲ ਦੰਗ ਰਹਿ ਗਿਆ (2 ਕੁਰਿੰਥੀਆਂ 8:1-5), ਪਰ ਅਜੇ ਵੀ ਉਹਦੇ ਦਿਲ ਵਿਚ ਬੇਚੈਨੀ ਸੀ। ਬਾਅਦ ਵਿਚ ਉਹਨੇ ਕਿਹਾ, ''ਜਦ ਅਸੀਂ ਮਕਦੂਨੀਆ ਵਿਚ ਆਏ ਤਦ ਵੀ ਸਾਡੇ ਸਰੀਰ ਨੂੰ ਕੁਝ ਚੈਨ ਨਹੀਂ ਸੀ ਸਗੋਂ ਅਸੀਂ ਹਰ ਪਾਸਿਓਂ ਕਸ਼ਟ ਵਿਚ ਪਏ ਸਾਂ, ਬਾਹਰੋਂ ਝਗੜੇ ਅੰਦਰੋਂ ਧੜਕੇ'' (2 ਕੁਰਿੰਥੀਆਂ 7:5)। ''ਝਗੜੇ'' ਸ਼ਾਇਦ ਉਨ੍ਹਾਂ ਯਹੂਦੀਆਂ ਨਾਲ ਸਨ ਜਿਨ੍ਹਾਂ ਨੇ ਉਹਨੂੰ ਥੱਸਲੁਨੀਕੇ ਅਤੇ ਬਰੀਆ ਤੋਂ ਭਜਾਇਆ ਸੀ। ਹੋਰ ''ਧੜਕੇ'' ਉਹ ਸਨ ਜਿਨ੍ਹਾਂ ਦਾ ਉਹਨੂੰ ਡਰ ਸੀ ਕਿ ਕੁਰਿੰਥੀ ਮਸੀਹੀਆਂ ਨੇ ਕੋਈ ਜਜ਼ਬਾ ਨਹੀਂ ਵਿਖਾਇਆ ਸੀ। (ਪੌਲੁਸ ਉੱਤੇ ਵੀ ਬੁਰੇ ਦਿਨ ਆਏ ਸਨ; ਤੁਹਾਡੇ ਉੱਤੇ ਬੁਰੇ ਦਿਨ ਆ ਜਾਣ ਤੇ ਪ੍ਰਭੂ ਤੁਹਾਨੂੰ ਇਕੱਲਾ ਨਹੀਂ ਛੱਡੇਗਾ।)

ਅਖ਼ੀਰ ਤੀਤੁਸ ਚੰਗੀ ਖ਼ਬਰ ਲੈ ਕੇ ਆ ਗਿਆ। ਆਮ ਤੌਰ ਤੇ ਕੁਰਿੰਥੁਸ ਦੀ ਕਲੀਸੀਆ ਪੌਲੁਸ ਦੀ ਸਲਾਹ ਅਤੇ ਚਿਤਾਵਨੀਆਂ ਨੂੰ ਮੰਨਦੀ ਸੀ। ਪੌਲੁਸ ਨੇ ਆਪਣੀ ਰਾਹਤ ਦੀ ਗੱਲ ਇਨ੍ਹਾਂ ਸ਼ਬਦਾਂ ਵਿਚ ਲਿਖੀ:

> ਤਾਂ ਵੀ ਉਹ ਨੇ ਜਿਹੜਾ ਅਧੀਨਾਂ ਨੂੰ ਦਿਲਾਸਾ ਦੇਣ ਵਾਲਾ ਹੈ ਅਰਥਾਤ ਪ੍ਰਮੇਸ਼ਵਰ ਨੇ ਤੀਤੁਸ ਦੇ ਆਉਣ ਕਰਕੇ ਸਾਨੂੰ ਦਿਲਾਸਾ ਦਿੱਤਾ। ਅਤੇ ਨਿਰੇ ਉਸ ਦੇ ਆਉਣ ਕਰਕੇ ਹੀ ਨਹੀਂ ਸਗੋਂ ਉਸ ਦਿਲਾਸੇ ਤੋਂ ਵੀ ਜਿਹੜਾ ਉਹ ਨੂੰ ਤੁਹਾਡੇ ਤੋਂ ਪ੍ਰਾਪਤ ਹੋਇਆ ਅਤੇ ਸਾਨੂੰ ਤੁਹਾਡੀ ਲੋਚ, ਤੁਹਾਡੇ ਸੋਗ, ਤੁਹਾਡੀ ਅਣਖ ਦਾ ਜੋ ਮੇਰੇ ਲਈ ਹੈ ਸਮਾਚਾਰ ਦੱਸਿਆ ਜਿਸ ਕਰਕੇ ਮੈਂ ਹੋਰ ਵੀ ਅਨੰਦ ਹੋਇਆ (2 ਕੁਰਿੰਥੀਆਂ 7:6, 7)।

ਉਹ ਚਿੱਠੀ ਜਿਸ ਨੂੰ ਅਸੀਂ 2 ਕੁਰਿੰਥੀਆਂ ਕਹਿੰਦੇ ਹਾਂ[8] ਲਿਖਵਾ ਕੇ ਪੌਲੁਸ ਨੇ 2 ਹੋਰ ਲੋਕਾਂ ਨਾਲ ਤੀਤੁਸ ਦੇ ਹੱਥ ਕੁਰਿੰਥੁਸ ਵਿਚ ਭੇਜ ਦਿੱਤੀ (2 ਕੁਰਿੰਥੀਆਂ 8:16-24)।[9]

ਆਪਣੇ ਭਾਈਆਂ ਲਈ ਪੌਲੁਸ ਦੀ ਚਿੰਤਾ ਤੋਂ ਪ੍ਰਭਾਵਿਤ ਹੋਏ ਬਗ਼ੈਰ ਅਸੀਂ 2 ਕੁਰਿੰਥੀਆਂ ਨਹੀਂ ਪੜ੍ਹ ਸਕਦੇ। ਉਹਦੇ ਮਨ ਨੂੰ ''ਚੈਨ ਨਾ ਮਿਲਿਆ'' (2:13; 7:5); ਉਸ ਨੂੰ ਕਲੀਸੀਆ ਵਿਚ ਪਾਏ ਜਾਣ ਵਾਲੇ ''ਧੜਕੇ'' ਸਤਾਅ ਰਹੇ ਸਨ (7:5)। ਉਹ ''ਅਧੀਨ'' (7:6) ਸੀ।

ਸਾਨੂੰ ਵੀ ਆਪਣੇ ਭਾਈਆਂ ਦੀ ਐਨੀ ਫ਼ਿਕਰ ਹੋਣੀ ਚਾਹੀਦੀ ਹੈ। ਭਾਵ ਜਦ ਉਨ੍ਹਾਂ ਨੂੰ ਕਿਸੇ ਦੁਨਿਆਵੀ ਚੀਜ਼ ਦੀ ਲੋੜ ਹੋਵੇ (ਜਿਵੇਂ ਪੌਲੁਸ ਯਰੂਸ਼ਲਮ ਦੇ ਮਸੀਹੀ ਲੋਕਾਂ ਬਾਰੇ ਫ਼ਿਕਰਮੰਦ ਸੀ) ਅਤੇ ਜਦ ਉਨ੍ਹਾਂ ਵਿਚ ਰੂਹਾਨੀਅਤ ਦੀ ਘਾਟ ਹੋਵੇ (ਜਿਵੇਂ ਕੁਰਿੰਥੀਆਂ ਦੀਆਂ ਕਮੀਆਂ ਨਾਲ ਪੌਲੁਸ ਦੁਖੀ ਹੋਇਆ)। ਪੌਲੁਸ ਦੇ ਸ਼ਬਦਾਂ ਵਿਚ ਸਾਡੇ ਸਭ ਲਈ ਸੁਝਾਅ ਹੈ:

> ਭਈ ਸਰੀਰ ਵਿਚ ਫੋਟਕ ਨਾ ਪਵੇ ਸਗੋਂ ਅੰਗ ਇਕ ਦੂਜੇ ਦੇ ਲਈ ਇਕ ਸਮਾਨ ਚਿੰਤਾ ਕਰਨ। ਅਤੇ ਜੇ ਇਕ ਅੰਗ ਨੂੰ ਦੁੱਖ ਲੱਗੇ ਤਾਂ ਸਾਰੇ ਅੰਗ ਉਸ ਦੇ ਨਾਲ ਦੁੱਖੀ ਹੁੰਦੇ ਹਨ ਅਤੇ ਜੇ ਇਕ ਅੰਗ ਦਾ ਆਦਰ ਹੋਵੇ ਤਾਂ ਸਾਰੇ ਅੰਗ ਉਹ ਦੇ ਨਾਲ ਅਨੰਦ ਹੁੰਦੇ ਹਨ। ਹੁਣ ਤੁਸੀਂ ਰਲ ਕੇ ਮਸੀਹ ਦੇ ਸਰੀਰ ਹੋ ਅਤੇ ਇਕ-ਇਕ ਕਰਕੇ ਉਹ ਦੇ ਅੰਗ ਹੋ (1 ਕੁਰਿੰਥੀਆਂ 12:25-27)।

## ਚੰਦਾ (20:2-4)

2 ਕੁਰਿੰਥੀਆਂ ਲਿਖਣ ਦਾ ਪੌਲੁਸ ਦਾ ਇਕ ਮਕਸਦ ਯਰੂਸ਼ਲਮ ਲਈ ਚੰਦਾ ਇਕੱਠਾ ਕਰਨ ਲਈ ਭਾਈਆਂ ਨੂੰ ਹੱਲਾਸ਼ੇਰੀ ਦੇਣਾ ਸੀ। ਪੌਲੁਸ ਨੇ ਕੁਰਿੰਥੀਆਂ ਨੂੰ ਮਕਦੂਨੀਆ ਦੇ ਲੋਕਾਂ ਦੀ ਖੁੱਲ੍ਹ ਦਿਲੀ ਦੀ ਨਕਲ ਕਰਨ ਦੀ ਬੇਨਤੀ ਕੀਤੀ (ਅਧਿਆਇ 8 ਅਤੇ 9)।

ਚਿੱਠੀ ਭੇਜਣ ਦੇ ਬਾਅਦ ਪੌਲੁਸ ਨੇ ਕੁਝ ਸਮਾਂ ਮਕਦੂਨੀਆ ਵਿਚ ਪ੍ਰਚਾਰ ਕਰਨ ਅਤੇ ਸਿੱਖਿਆ ਦੇਣ ਵਿਚ ਲਗਾਇਆ। ਮੈਂ ਫ਼ਿਲਿੱਪੈ, ਥੱਸਲੁਨੀਕੇ, ਬਰੀਆ ਅਤੇ ਹੋਰ ਥਾਵਾਂ ਤੇ ਮਸੀਹੀ ਲੋਕਾਂ ਨਾਲ ਦੁਬਾਰਾ ਮਿਲਣ ਦੇ ਉਹਦੇ ਅਨੰਦ ਦੀ ਕਲਪਨਾ ਕਰ ਸਕਦਾ ਹਾਂ। ਇਸ ਦੌਰਾਨ ਉਹ ਇੱਲੁਰਿਕੁਮ ਦੇ ਇਲਾਕੇ ਵਿਚ ਪ੍ਰਚਾਰ ਕਰਨ ਲਈ ਉੱਤਰ ਪੱਛਮ ਵੱਲ ਵੀ ਗਿਆ ਹੋਵੇਗਾ (ਰੋਮੀਆਂ 15:19)।[10] ਲੂਕਾ ਨੇ ਸਿਰਫ਼ ਐਨਾ ਹੀ ਲਿਖਿਆ ਹੈ ਕਿ ''ਉਨ੍ਹਾਂ ਇਲਾਕਿਆਂ ਵਿੱਚੋਂ ਦੀ ਲੰਘਦਾ ਹੋਇਆ ਉਨ੍ਹਾਂ ਨੂੰ ਬਹੁਤੀਆਂ ਗੱਲਾਂ ਨਾਲ ਦਿਲਾਸਾ ਦੇ ਕੇ[11] ਯੂਨਾਨ [ਅਰਥਾਤ, ਅਖਾਯਾ] ਵਿਚ ਆਇਆ'' (ਰਸੂਲਾਂ ਦੇ ਕੰਮ 20:2)। ਫਿਰ ਉਹਨੇ ਟਿੱਪਣੀ ਕੀਤੀ ਕਿ ਉਹਨੇ ''ਉੱਥੇ ਤਿੰਨ ਮਹੀਨੇ ਕੱਟੇ''[12] (ਆਇਤ 3ੳ)। ਪੌਲੁਸ ਨੇ ਕੁਰਿੰਥੁਸ ਵਿਚ ਤਿੰਨ ਮਹੀਨੇ ਦਾ ਇਹ ਵਕਤ ਗਾਯੁਸ ਨਾਮਕ ਇਕ ਭਾਈ ਦੇ ਘਰ ਮਹਿਮਾਨ ਦੇ ਰੂਪ ਵਿਚ ਕੱਟਿਆ[13] (ਰੋਮੀਆਂ 16:23)।

ਕੁਰਿੰਥੁਸ ਵਿਚ ਰਹਿੰਦਿਆਂ ਪੌਲੁਸ ਨੇ ਆਪਣੀ ਸ਼ਾਨਦਾਰ ਕਿਤਾਬ ਰੋਮੀਆਂ ਦੇ ਨਾਂਅ ਪੱਤਰੀ ਲਿਖੀ।[14] ਇਹ ਪੱਤਰੀ ਮੁੱਖ ਤੌਰ ਤੇ ਪੌਲੁਸ ਨੇ ਰੋਮ ਜਾਣ ਨੂੰ ਧਿਆਨ ਵਿਚ ਰੱਖ ਕੇ ਲਿਖੀ ਸੀ (ਰੋਮੀਆਂ 1:9-15; 15:22-29)। ਪਰ ਪੌਲੁਸ ਉਨ੍ਹਾਂ ਖਤਰਿਆਂ ਤੋਂ ਵਾਕਫ਼ ਸੀ ਜੋ ਯਰੂਸ਼ਲਮ ਪਹੁੰਚਣ ਤੇ ਉਸ ਉੱਤੇ ਆਉਣ ਵਾਲੇ ਸਨ (ਰੋਮੀਆਂ 15:31; ਵੇਖੋ ਰਸੂਲਾਂ ਦੇ ਕੰਮ 20:22-25; 21:13, 14)। ਰੋਮੀਆਂ ਦੇ ਨਾਂਅ ਲਿਖ ਕੇ ਉਹਨੇ ਸਾਮਰਾਜ ਦੇ ਅੰਦਰ ''ਮਸੀਹੀਅਤ ਦੀ ਥੋੜ੍ਹੀ ਜਿਹੀ ਗੱਲ'' ਦੱਸਣੀ ਚਾਹੀ, ਭਾਵੇਂ ਖ਼ੁਦ ਉਹ ਉੱਥੇ ਨਾ ਵੀ ਪਹੁੰਚਦਾ।

ਪੌਲੁਸ ਵੱਲੋਂ ਰੋਮੀਆਂ ਦੇ ਨਾਂਅ ਪੱਤਰੀ ਲਿਖਣ ਵੇਲੇ ਕੁਰਿੰਥੁਸ ਵਿਚ ਯਰੂਸ਼ਲਮ ਲਈ ਚੰਦੇ ਬਾਰੇ ਸਭ ਕੁਝ ਠੀਕ-ਠਾਕ ਸੀ। ਉਹਨੇ ਕਿਹਾ ਕਿ ਅਖਾਯਾ ਦੇ ਮਸੀਹੀ ਲੋਕਾਂ ਦੀ ਇੱਛਾ ਹੋਈ ਕਿ ''ਯਰੂਸ਼ਲਮ ਦੇ ਸੰਤਾਂ ਵਿੱਚੋਂ ਉਨ੍ਹਾਂ ਲਈ ਜਿਹੜੇ ਗਰੀਬ ਹਨ ਚੰਦਾ ਉਗਰਾਹੀ ਕਰਨ'' (15:26)।

ਪ੍ਰੇਮ ਭੇਂਟ ਵਿਚ ਯੋਗਦਾਨ ਦੇਣ ਵਾਲੀਆਂ ਵੱਖੋ-ਵੱਖ ਕਲੀਸੀਆਵਾਂ ਦੇ ਨੁਮਾਇੰਦੇ ਪੌਲੁਸ

ਨਾਲ ਸ਼ਾਮਿਲ ਹੋ ਗਏ ਹੋਣਗੇ (ਰਸੂਲਾਂ ਦੇ ਕੰਮ 20:4)।[15] ''ਕਲੀਸੀਆਵਾਂ ਦੇ ਭੇਜੇ ਹੋਏ'' (2 ਕੁਰਿੰਥੀਆਂ 8:23) ਇਨ੍ਹਾਂ ਲੋਕਾਂ ਵੱਲੋਂ ਆਪਣੀਆਂ ਮੰਡਲੀਆਂ ਵੱਲੋਂ ਦਿੱਤੀਆਂ ਗਈਆਂ ਭੇਟਾਂ ਇਕੱਠਾ ਕਰਨ ਨਾਲ ਕਾਫ਼ੀ ਚੰਦਾ ਹੋ ਗਿਆ ਸੀ।

ਮੈਂ ਪਹਿਲਾਂ ਕਿਹਾ ਸੀ ਕਿ ਸਾਨੂੰ ਮਸੀਹ ਵਿਚ ਆਪਣੇ ਭਾਈਆਂ ਦੀ ਫ਼ਿਕਰ ਕਰਨੀ ਚਾਹੀਦੀ ਹੈ। ਮਕਦੂਨੀਆ, ਅਖਾਯਾ, ਅਸੀਆ ਅਤੇ ਗਲਾਤੀਆ ਦੇ ਮਸੀਹੀ ਲੋਕਾਂ ਦੀ ਮਿਸਾਲ ਤੋਂ ਸਾਨੂੰ ਸਬਕ ਮਿਲਦਾ ਹੈ ਕਿ ਉਨ੍ਹਾਂ ਵਿਚ ਸਾਡੀ ਦਿਲਚਸਪੀ ਨਜ਼ਰ ਵੀ ਆਉਣੀ ਚਾਹੀਦੀ ਹੈ। ਹਮੇਸ਼ਾ ਵਿਹਾਰਕ ਗੱਲ ਕਰਨ ਵਾਲੇ ਯਾਕੂਬ ਨੇ ਇਸ ਵੱਲ ਧਿਆਨ ਦੁਆਉਂਦੇ ਹੋਏ ਇਹ ਸਵਾਲ ਪੁੱਛਿਆ ਸੀ ਕਿ ''ਜੇ ਕੋਈ ਭਾਈ ਯਾ ਭੈਣ ਨੰਗਾ ਅਤੇ ਰੱਜਵੀਂ ਰੋਟੀ ਤੋਂ ਥੁੜਿਆ ਹੋਵੇ। ਅਤੇ ਤੁਸਾਂ ਵਿੱਚੋਂ ਕੋਈ ਉਨ੍ਹਾਂ ਨੂੰ ਆਖੇ ਭਈ ਸੁਖ ਸਾਂਦ ਨਾਲ ਜਾਓ। ਨਿੱਘੇ ਅਤੇ ਰੱਜੇ ਪੁੱਜੇ ਰਹੋ ਪਰ ਜਿਹੜੀਆਂ ਵਸਤਾਂ ਸਰੀਰ ਲਈ ਲੋੜੀਦੀਆਂ ਹਨ ਉਹ ਤੁਸਾਂ ਉਨ੍ਹਾਂ ਨੂੰ ਨਾ ਦਿੱਤੀਆਂ ਤਾਂ ਕੀ ਲਾਭ ਹੋਇਆ?'' (ਯਾਕੂਬ 2:15, 16)।

## ਹੋਸ਼ਿਆਰ (20:4)

ਰਸੂਲਾਂ ਦੇ ਕੰਮ 20:4 ਵਿਚ ਜਿਨ੍ਹਾਂ ਸੱਤ ਲੋਕਾਂ ਦੇ ਨਾਂਅ ਹਨ, ਉਹ ਸਨ ''ਪੁੱਰਸ ਦਾ ਪੁੱਤਰ ਸੋਪਤਰੁਸ[16] ਜਿਹੜਾ ਬਰੀਆ ਦਾ ਸੀ ਅਤੇ ਥੱਸਲੁਨੀਕੀਆਂ ਵਿੱਚੋਂ ਅਰਿਸਤਰਖੁਸ[17] ਅਤੇ ਸਿਕੁੰਦੁਸ[18] ਅਤੇ ਦਰਬੇ ਦਾ ਗਾਯੁਸ[19] ਅਤੇ ਤਿਮੋਥਿਉਸ ਅਰ ਅਸੀਆ ਦੇ ਤੁਖਿਕੁਸ[20] ਅਰ ਤ੍ਰੋਫ਼ਿਮੁਸ,[21] ...।'' ਮਕਦੂਨੀਆ ਦੀਆਂ ਕਲੀਸੀਆਵਾਂ ਦੀ ਨੁਮਾਇੰਦਗੀ ਸੋਪਤਰੁਸ, ਅਰਿਸਤਰਖੁਸ ਅਤੇ ਸਿਕੁੰਦੁਸ ਕਰ ਰਹੇ ਸਨ। ਗਾਯੁਸ ਅਤੇ ਤਿਮੋਥਿਉਸ ਗਲਾਤੀਆ ਦੀਆਂ ਕਲੀਸੀਆਵਾਂ ਦੇ ਨੁਮਾਇੰਦੇ ਸਨ। ਅਸੀਆ ਦੀਆਂ ਕਲੀਸੀਆਵਾਂ ਦੀ ਨੁਮਾਇੰਦਗੀ ਤੁਖਿਕੁਸ ਅਤ ਤ੍ਰੋਫ਼ਿਮੁਸ ਕਰ ਰਹੇ ਸਨ।[22] ਚੰਦਾ ਲੈਣ ਲਈ ਪੌਲੁਸ ਨਾਲ ਇਨ੍ਹਾਂ ਸੱਤਾਂ ਦੇ ਇਲਾਵਾ ਹੋਰ ਲੋਕ ਵੀ ਗਏ, ਪਰ ਕਿਉਂ?

ਕਈਆਂ ਦਾ ਸੁਝਾਅ ਹੈ ਕਿ ਪੌਲੁਸ ਰਾਹੀਂ ਥੋੜ੍ਹਾ ਜਿਹਾ ਧਨ ਲਿਜਾਣ ਸਮੇਂ ਇਹ ਲੋਕ ਉਹਦੇ ਬਾਡੀਗਾਰਡ ਸਨ।[23] ਹੋਰਾਂ ਦਾ ਕਿਆਫ਼ਾ ਹੈ ਕਿ ਚੰਦਾ (ਜੋ ਸਿੱਕਿਆਂ ਦੇ ਰੂਪ ਵਿਚ ਹੋਵੇਗਾ) ਇਨ੍ਹਾਂ ਲੋਕਾਂ ਕੋਲ ਥੋੜ੍ਹਾ-ਥੋੜ੍ਹਾ ਕਰਕੇ ਦੇ ਦਿੱਤਾ ਗਿਆ ਹੋਵੇਗਾ ਤਾਂ ਜੋ ਇਹ ਪਤਾ ਨਾ ਲੱਗੇ ਕਿ ਉਹ ਐਨੀ ਵੱਡੀ ਰਕਮ ਲਿਜਾ ਰਹੇ ਹਨ। ਇਕ ਹੋਰ ਸੰਭਾਵਨਾ ਇਹ ਵੀ ਹੈ ਕਿ ਪੌਲੁਸ ਯਹੂਦੀ ਮਸੀਹੀਆਂ ਨੂੰ ਪ੍ਰਭਾਵਿਤ ਕਰਨ ਲਈ ਅਤੇ ਉਨ੍ਹਾਂ ਨੂੰ ਇਸ ਗੱਲ ਨਾਲ ਖੁਸ਼ ਕਰਨ ਲਈ ਕਿ ਇੰਜੀਲ ਦਾ ਪ੍ਰਚਾਰ ਗ਼ੈਰ ਕੌਮਾਂ ਵਿਚ ਵੀ ਹੋ ਰਿਹਾ ਹੈ, ਆਪਣੇ ਨਾਲ ਗ਼ੈਰ ਕੌਮ ਮਸੀਹੀਆਂ ਨੂੰ ਪ੍ਰਮੁੱਖ ਉਦਾਹਰਣ ਦੇ ਰੂਪ ਵਿਚ ਲੈ ਗਿਆ।[24]

ਇਹ ਵਿਚਾਰ ਮੰਨਣ ਯੋਗ ਹੋਵੇ ਜਾਂ ਨਾ, ਪਰ ਜੋ ਕੁਝ ਵੀ ਜ਼ਾਹਿਰ ਕੀਤਾ ਗਿਆ ਹੈ ਉਹ ਇਹ ਹੈ ਕਿ ਇਨ੍ਹਾਂ ਲੋਕਾਂ ਦੀ ਚੋਣ ਪੌਲੁਸ ਦੀ ਬੇਨਤੀ ਤੇ ਇਸ ਸੰਭਾਵਨਾ ਨੂੰ ਦੂਰ ਕਰਨ ਲਈ ਕੀਤੀ ਗਈ ਸੀ ਕਿ ਉਸ ਚੰਦੇ ਨਾਲ ਉਸ ਨੂੰ ਨਿੱਜੀ ਲਾਭ ਹੋਵੇਗਾ। ਚੰਦੇ ਬਾਰੇ ਕੁਰਿੰਥੀਆਂ ਨੂੰ ਵੇਖ ਕੇ ਉਹਨੇ ਕਿਹਾ: ''ਅਤੇ ਜਦ ਮੈਂ [ਉੱਥੇ] ਆਵਾਂ ਤਦ ਜਿਨ੍ਹਾਂ ਨੂੰ ਤੁਸੀਂ ਪਰਵਾਨ ਕਰੋ ਉਨ੍ਹਾਂ ਨੂੰ ਮੈਂ ਚਿੱਠੀਆਂ ਦੇ ਕੇ ਘੱਲਾਂਗਾ ਭਈ ਤੁਹਾਡਾ ਦਾਨ ਯਰੂਸ਼ਲਮ ਤਾਈਂ ਪੁਚਾਉਣ। ਜੇ ਮੇਰਾ ਵੀ ਜਾਣਾ ਉਚਿਤ ਹੋਵੇ ਤਾਂ ਉਹ ਮੇਰੇ ਨਾਲ ਜਾਣਗੇ'' (1 ਕੁਰਿੰਥੀਆਂ 16:3, 4)। ਇਨ੍ਹਾਂ ਨੁਮਾਇੰਦਿਆਂ ਦੀ ਚੋਣ ਯਰੂਸ਼ਲਮ ਵਿਚ ਦਾਨ ਲਿਜਾਣ ਲਈ ਹੋਣੀ ਸੀ (ਧਿਆਨ ਦਿਓ

ਕਿ ਪੌਲੁਸ ਨੇ ਆਪਣੇ ਜਾਣ ਤੇ ਬਹੁਤਾ ਜ਼ੋਰ ਨਹੀਂ ਦਿੱਤਾ)। ਬੇਸ਼ੱਕ ਇਹੀ ਹਦਾਇਤਾਂ ਉਨ੍ਹਾਂ ਮੰਡਲੀਆਂ ਨੂੰ ਭੇਜੀਆਂ ਗਈਆਂ ਸਨ ਜਿਨ੍ਹਾਂ ਨੇ ਚੰਦੇ ਵਿਚ ਹਿੱਸਾ ਪਾਇਆ ਸੀ (ਵੇਖੋ 2 ਕੁਰਿੰਥੀਆਂ 8:19, 23ਅ)।

ਪੌਲੁਸ ਨੇ ਧਾਰਿਆ ਸੀ ਕਿ ਉਹ ਇਸ ਨੂੰ ਕਿਸੇ ਵੀ ਤਰ੍ਹਾਂ ਬਦਨਾਮੀ ਦਾ ਕਾਰਣ ਨਹੀਂ ਬਣਨ ਦੇਵੇਗਾ। ਆਪਣੀ ਚਿੱਠੀ ਦੇ ਅਗਲੇ ਹਿੱਸੇ ਵਿਚ ਕੁਰਿੰਥੀਆਂ ਨੂੰ ਲਿਖਦੇ ਹੋਏ ਉਹਨੇ ਇਕ ਭਾਈ ਦੀ ਗੱਲ ਕੀਤੀ ਜਿਸ ਨੂੰ ਯਰੂਸ਼ਲਮ ਵਿਚ ਚੰਦਾ ਲਿਜਾਣ ਵਿਚ ਮਦਦ ਲਈ ਚੁਣਿਆ ਗਿਆ ਸੀ: ''ਪਰ ਨਿਰਾ ਇਹੋ ਨਹੀਂ ਸਗੋਂ ਉਹ ਕਲੀਸੀਆ ਦੀ ਵੱਲੋਂ ਥਾਪਿਆ ਹੋਇਆ ਵੀ ਹੈ ਤਾਂ ਜੋ ਇਸ ਪੁੰਨ ਦੇ ਕੰਮ ਲਈ ਜਿਹ ਦੀ ਅਸੀਂ ਸੇਵਾ ਕਰਦੇ ਹਾਂ ਸਾਡੇ ਨਾਲ ਪੈਂਡਾ ਕਰੇ ਭਈ ਪ੍ਰਭੂ ਦੀ ਵਡਿਆਈ, ਨਾਲੇ ਸਾਡੇ ਮਨ ਦੀ ਤਿਆਰੀ ਪ੍ਰਗਟ ਹੋਵੇ'' (2 ਕੁਰਿੰਥੀਆਂ 8:19)। ਫਿਰ ਪੌਲੁਸ ਨੇ ਦੱਸਿਆ ਕਿ ਉਹਨੇ ਅਜਿਹਾ ਕਰਨ ਦਾ ਸੁਝਾਅ ਕਿਉਂ ਦਿੱਤਾ ਸੀ: ''ਕਿਉਂ ਜੋ ਅਸੀਂ ਇਸ ਤੋਂ ਚੌਕਸ ਰਹਿੰਦੇ ਹਾਂ ਜੋ ਇਸ ਵੱਡੀ ਦਾਤ ਦੇ ਵਿਖੇ ਜਿਹਦੀ ਅਸੀਂ ਸੇਵਾ ਕਰਦੇ ਹਾਂ ਕੋਈ ਸਾਡੇ ਉੱਤੇ ਹਰਫ਼ ਨਾ ਲਿਆਵੇ। ਕਿਉਂਕਿ ਜਿਹੜੀਆਂ ਗੱਲਾਂ ਨਿਰੇ ਪ੍ਰਭੂ ਦੇ ਸਨਮੁਖ ਹੀ ਨਹੀਂ ਸਗੋਂ ਮਨੁੱਖਾਂ ਦੇ ਸਨਮੁਖ ਵੀ ਚੰਗੀਆਂ ਹਨ ਅਸੀਂ ਉਨ੍ਹਾਂ ਦਾ ਧਿਆਨ ਰੱਖਦੇ ਹਾਂ'' (2 ਕੁਰਿੰਥੀਆਂ 8:20, 21)। ਪੌਲੁਸ ਨੂੰ ਨਾ ਸਿਰਫ਼ ਇਸ ਗੱਲ ਦਾ ਧਿਆਨ ਸੀ ਕਿ ਖ਼ੁਦਾ ਨੇ ਕੀ ਸਿਖਾਇਆ ਹੈ ਸਗੋਂ ਉਹਨੂੰ ਇਹ ਵੀ ਧਿਆਨ ਸੀ ਕਿ ਲੋਕਾਂ ਦੇ ਮਨ ਵਿਚ ਕੀ-ਕੀ ਵਿਚਾਰ ਆ ਸਕਦੇ ਹਨ।

ਜਦ ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਧਨ ਦਾ ਪ੍ਰਬੰਧ ਬੜੀ ਹੋਸ਼ਿਆਰੀ ਨਾਲ ਹੋਣਾ ਚਾਹੀਦਾ ਹੈ ਤਾਂ ਕਈ ਵਾਰ ਲੋਕ ਪਰੇਸ਼ਾਨ ਹੋ ਜਾਂਦੇ ਹਨ। ਕਈਆਂ ਨੂੰ ਬੁਰਾ ਲਗਦਾ ਹੈ ਅਤੇ ਉਹ ਡੰਡ ਪਾਉਂਦੇ ਹਨ, ''ਜੇ ਲੋਕਾਂ ਨੂੰ ਮੇਰੇ ਉੱਤੇ ਯਕੀਨ ਨਹੀਂ ਹੈ, ਤਾਂ ਮੈਂ ਅਸਤੀਫ਼ਾ ਦੇ ਦਿੰਦਾ ਹਾਂ!'' ਪੌਲੁਸ ਨੇ ਕਿਸੇ ਨੂੰ ਇਹ ਨਹੀਂ ਕਿਹਾ ਕਿ ਉਹ ਉਸ ਉੱਤੇ ਸਿਰਫ਼ ਇਸ ਲਈ ਭਰੋਸਾ ਕਰਨ ''ਕਿਉਂਕਿ ਉਹ ਰਸੂਲ ਸੀ''; ਸਗੋਂ ਉਹਨੇ ਉਹ ਸਭ ਇਸ ਲਈ ਕੀਤਾ ਤਾਂ ਜੋ ਚੰਦੇ ਦੇ ਪੈਸਿਆਂ ਦੀ ਗਲਤ ਵਰਤੋਂ ਦੇ ਇਲਜ਼ਾਮ ਦੀਆਂ ਅਫ਼ਵਾਹਾਂ ਨਾ ਫੈਲਣ।

ਹਾਲ ਹੀ ਦੇ ਵਰ੍ਹਿਆਂ ਵਿਚ, ਦੁਨੀਆਂ ਭਰ ਵਿਚ ਧਾਰਮਿਕ ਲੁਟੇਰਿਆਂ ਦੀ ਗੱਲ ਸਾਹਮਣੇ ਆਈ ਹੈ, ਜੋ ਉਨ੍ਹਾਂ ਉੱਤੇ ਸ਼ੱਕ ਨਾ ਕਰਨ ਵਾਲੇ ਲੋਕਾਂ ਕਰਕੇ ਅਮੀਰ ਬਣ ਜਾਂਦੇ ਹਨ। ਕਈ ਲੋਕਾਂ ਨੇ ਨਿਚੋੜ ਕੱਢ ਲਿਆ ਹੈ ਕਿ ਧਰਮ ਵਿਚ ਸਭ ਠੱਗਬਾਜ਼ੀ ਹੈ। ਸਾਡੇ ਵਿਚ ਮਸੀਹ ਦੇ ਧਰਮ ਬਾਰੇ ਦੁਨੀਆਂ ਨੂੰ ਇੰਜ ਸੋਚਣ ਦੇਣ ਦੀ ਹਿੰਮਤ ਨਹੀਂ ਹੈ। ਪ੍ਰਭੂ ਦੇ ਕੰਮ ਵਿਚ ਜਦ ਵੀ ਪੈਸਾ ਸ਼ਾਮਿਲ ਹੋਵੇਗਾ, ਅਸੀਂ ਬਹੁਤੇ ਸਾਵਧਾਨ ਨਹੀਂ ਰਹਿ ਸਕਦੇ। ਸਾਨੂੰ ਤਾਂ ''ਜਿਹੜੀਆਂ ਗੱਲਾਂ ਸਾਰੇ ਮਨੁੱਖਾਂ ਦੇ ਭਾਂਵੇਂ ਚੰਗੀਆਂ ਹਨ ਉਨ੍ਹਾਂ ਦਾ ਧਿਆਨ'' ਰੱਖਣ ਦੀ ਲੋੜ ਹੈ (ਰੋਮੀਆਂ 12:17)।

## ਝਗੜਾ (20:3-5)

ਪੌਲੁਸ ਯਰੂਸ਼ਲਮ ਜਾਣ ਲਈ ਤਿਆਰ ਸੀ, ਪਰ ਆਮ ਵਾਂਗ ਸ਼ੈਤਾਨ ਉਹਦੇ ਮਕਸਦਾਂ ਨੂੰ ਬਿਨਾਂ ਅੜਿੱਕਿਆਂ ਦੇ ਪੂਰਾ ਨਹੀਂ ਹੋਣ ਦੇਣਾ ਚਾਹੁੰਦਾ ਸੀ।[25] ਲੂਕਾ ਨੇ ਜ਼ਿਕਰ ਕੀਤਾ (ਥੋੜ੍ਹਾ ਬਹੁਤ ਗੈਰ ਰਸਮੀ) ਕਿ ''ਜਦੋਂ [ਪੌਲੁਸ] ਜਹਾਜ਼ ਉੱਤੇ ਸੂਰੀਆ ਵੱਲ ਜਾਣ ਨੂੰ ਤਿਆਰ ਹੋਇਆ[26] ਤਦੋਂ ਯਹੂਦੀ ਉਹ ਦੀ ਘਾਤ ਵਿਚ ਲੱਗੇ[27]'' (ਆਇਤ 3ਅ)। ਇਹ ਉਹੀ ਯਹੂਦੀ

ਹੋਣਗੇ ਜੋ ਪੌਲੁਸ ਨੂੰ ਗਲੀਓ ਦੇ ਸਾਹਮਣੇ ਲਿਆਏ ਸਨ ਅਤੇ ਪਰੇਸ਼ਾਨ ਹੋਏ ਸਨ (18:12-17); ਜੇ ਉਹ ਪੌਲੁਸ ਨੂੰ ਜਾਇਜ਼ ਤਰੀਕਿਆਂ ਨਾਲ ਖ਼ਤਮ ਨਾ ਕਰ ਪਾਉਂਦੇ ਤਾਂ ਉਨ੍ਹਾਂ ਨੇ ਨਜਾਇਜ਼ ਤਰੀਕਿਆਂ ਨਾਲ ਕੋਸ਼ਿਸ਼ ਕਰਨੀ ਸੀ। ਸਾਨੂੰ ਸਹੀ ਸਹੀ ਪਤਾ ਨਹੀਂ ਹੈ ਕਿ ਚਾਲ ਕੀ ਸੀ। ਪੌਲੁਸ ਨੇ ਪਹਿਲਾਂ ਵਾਂਗ ਹੀ ਕਿੰਖਰੀਆ ਤੋਂ ''ਸੂਰੀਆ ਨੂੰ ਜਾਣ'' ਦੀ ਯੋਜਨਾ ਬਣਾਈ ਹੋਵੇਗੀ (18:18)।[28] ਸ਼ਾਇਦ ਪੌਲੁਸ ਨੂੰ ਕੁਰਿੰਥੁਸ ਅਤੇ ਕਿੰਖਰੀਆ ਵਿੱਚੋਂ ਲੰਘਦਿਆਂ ਪਹਾੜੀ ਇਲਾਕਿਆਂ ਵਿਚ ਲੁੱਟ ਕੇ[29] ਮਾਰ ਸੁੱਟਣ ਦੀ ਵਿਉਂਤ ਬਣੀ ਸੀ; ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਨੇ ਉਹਨੂੰ ਬੰਦਰਗਾਹ ਤੇ ਫੜਨ ਜਾਂ ਜਹਾਜ਼ ਤੋਂ ਸਮੁੰਦਰ ਵਿਚ ਸੁੱਟ ਦੇਣ ਦੀ ਤਰਤੀਬ ਬਣਾਈ ਹੋਵੇ।

ਇਕ ਵਾਰ ਫੇਰ, ਖ਼ੁਦਾ ਦੇ ਇੰਤਜ਼ਾਮ ਨਾਲ ਪੌਲੁਸ ਨੂੰ ਉਨ੍ਹਾਂ ਦੀ ਸਾਜ਼ਿਸ਼ ਦਾ ਪਤਾ ਲਗ ਗਿਆ ਜਿਸ ਕਰਕੇ ਉਹਨੇ ਫੁਰਤੀ ਨਾਲ ਆਪਣੀਆਂ ਯੋਜਨਾਵਾਂ ਬਦਲ ਲਈਆਂ। ਉਹਦੇ ਹਮਸਫ਼ਰ (ਤ੍ਰੋਆਸ ਵਿਚ ਉਹਦੀ ਉਡੀਕ ਕਰਨ ਦੀ ਹਦਾਇਤ ਪਾ ਕੇ, 20:4, 5)[30] ਜਹਾਜ਼ ਨੂੰ ਉੱਥੇ ਲਾਉਣ ਦੀ ਯੋਜਨਾ ਬਣਾ ਕੇ ਅੱਗੇ ਵਧੇ ਪਰ ਪੌਲੁਸ ਨੇ ਆਪ ''ਮਕਦੂਨੀਆ ਦੇ ਰਾਹ ਹੋ ਕੇ ਮੁੜਨ ਦੀ ਦਲੀਲ ਕੀਤੀ [ਜੋ ਕਿ ਲੰਮਾ ਪੈਂਡਾ ਸੀ]'' (ਆਇਤ 3ੲ)।

ਕੋਈ ਸ਼ੱਕ ਨਹੀਂ ਕਿ ਜਦ ਅਸੀਂ ਕੁਝ ਸਹੀ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਵਿਰੋਧ ਹੋਵੇਗਾ ਹੀ; ਸ਼ੈਤਾਨ ਪੂਰੀ ਕੋਸ਼ਿਸ਼ ਕਰੇਗਾ ਕਿ ਵਿਰੋਧ ਹੋਵੇ। ਲੋੜਵੰਦਾਂ ਦੀ ਮਦਦ ਕਰਨ ਦੀ ਗੱਲ ਹੋਣ ਤੇ, ਝਗੜਾ ਕਦੇ ਵੀ ਅਵਿਸ਼ਵਾਸੀਆਂ ਵੱਲੋਂ ਨਹੀਂ ਹੋਵੇਗਾ (ਜਿਵੇਂ ਪੌਲੁਸ ਦੇ ਮਾਮਲੇ ਵਿਚ ਹੋਇਆ)। ਕਈ ਵਾਰ (ਮੰਨੋ ਜਾਂ ਨਾ ਮੰਨੋ) ਝਗੜਾ ਵਿਸ਼ਵਾਸੀਆਂ ਵੱਲੋਂ ਹੀ ਹੁੰਦਾ ਹੈ।[31] ਇਸ ਤਰ੍ਹਾਂ ਦੀ ਦਖ਼ਲਅੰਦਾਜ਼ੀ ਨੂੰ ਵਿਚ ਨਾ ਆਉਣ ਦਿਓ ਅਤੇ ''ਜਿਵੇਂ ਸਾਨੂੰ ਮੌਕਾ ਮਿਲੇ ਅਸੀਂ ਸਭਨਾਂ ਨਾਲ ਭਲਾ ਕਰੀਏ ਪਰ ਨਿੱਜ ਕਰਕੇ ਨਿਹਚਾਵਾਨਾਂ ਦੇ ਨਾਲ'' (ਗਲਾਤੀਆਂ 6:10)।

## ਪੂਰਾ ਹੋਣਾ (20:6)

ਭਾਵੇਂ ਸ਼ੁਰੂ ਵਿਚ ਪੌਲੁਸ ਦੀ ਯੋਜਨਾ ਮਕਦੂਨੀਆ ਨੂੰ ਵਾਪਸ ਜਾਣ ਦੀ ਨਹੀਂ ਸੀ, ਪਰ ਮੈਨੂੰ ਯਕੀਨ ਹੈ ਕਿ ਫੇਰ ਤੋਂ ਉਸ ਇਲਾਕੇ ਵਿਚ ਆਪਣੇ ਭਾਈਆਂ ਨੂੰ ਮਿਲਣ ਦਾ ਮੌਕਾ ਪਾ ਕੇ ਉਹ ਖੁਸ਼ ਸੀ। ਪੌਲੁਸ ਨੂੰ ਯਰੂਸ਼ਲਮ ਵਿਚ ਆਪਣੇ ਉੱਪਰ ਆਉਣ ਵਾਲੇ ਖ਼ਤਰਿਆਂ ਦਾ ਪਹਿਲਾਂ ਹੀ ਪਤਾ ਸੀ (ਰੋਮੀਆਂ 15:31),[32] ਇਸ ਕਰਕੇ ਇਸ ਰਸੂਲ ਦੇ ਉਸ ਸੰਗਤੀ ਤੋਂ ਦੂਰ ਜਾਣ ਵੇਲੇ ਜਿਸ ਨੂੰ ਉਹ ਪਿਆਰ ਕਰਦਾ ਸੀ ਹੰਝੂਆਂ ਭਰੀ ਵਿਦਾਈ ਦੀ ਕਲਪਨਾ ਕਰਨਾ ਔਖਾ ਨਹੀਂ ਹੈ (ਵੇਖੋ ਰਸੂਲਾਂ ਦੇ ਕੰਮ 20:22-25, 36-38)।

ਅਖ਼ੀਰ ਪੌਲੁਸ ਉਨ੍ਹਾਂ ਤੋਂ ਦੂਰ ਚਲਿਆ ਗਿਆ। ਲੂਕਾ ਨੇ ਲਿਖਿਆ ਹੈ, ''ਅਤੇ ਪਤੀਰੀ ਰੋਟੀ ਦੇ ਦਿਨਾਂ ਦੇ ਪਿੱਛੋਂ ਅਸੀਂ ਫ਼ਿਲਿੱਪੈ ਤੋਂ[33] ਜਹਾਜ਼ ਉੱਤੇ ਚੜ੍ਹੇ ਅਤੇ ਪੰਜਵੇਂ ਦਿਨ ਤ੍ਰੋਆਸ ਵਿਚ ... ਪਹੁੰਚੇ''[34] (20:6)। ''ਪਤੀਰੀ ਰੋਟੀ ਦੇ ਦਿਨਾਂ'' ਪਸਾਹ ਦੇ ਪਰਬ ਨੂੰ ਕਿਹਾ ਗਿਆ ਹੈ; ਲੂਕਾ ਨੇ ਇਸ ਨੂੰ ਸਾਲ ਦੇ ਸਮੇਂ (ਬਸੰਤ ਦੀ ਸ਼ੁਰੂਆਤ) ਦਾ ਸੰਕੇਤ ਦੇਣ ਲਈ ਵਰਤਿਆ।[35] ''ਅਸੀਂ'' ਸ਼ਬਦ ਤੇ ਧਿਆਨ ਦਿਓ ਲੂਕਾ ਫੇਰ ਤੋਂ ਪੌਲੁਸ ਦੇ ਯਾਤਰੀ ਦਲ ਨਾਲ ਮਿਲ ਗਿਆ।[36] ਪਿਛਲੀ ਵਾਰ ਲੂਕਾ ਨੇ ਉੱਤਮ ਪੁਰਖ ਦੀ ਵਰਤੋਂ ਉਦੋਂ ਕੀਤੀ ਸੀ ਜਦੋਂ ਪੌਲੁਸ ਅਤੇ ਉਹਦੇ ਸਹਿਯੋਗੀ ਦੂਜੀ ਮਿਸ਼ਨਰੀ ਯਾਤਰਾ ਵਿਚ ਫ਼ਿਲਿੱਪੈ ਵਿਚ ਪਹੁੰਚੇ ਸਨ (ਵੇਖੋ

16:11, 12, 40); ਭਾਵ ਇਹ ਕਿ ਲੂਕਾ ਫ਼ਿਲਿੱਪੈ ਵਿਚ ਭਾਈਆਂ ਨਾਲ ਕੰਮ ਕਰਦਿਆਂ ਪੌਲੁਸ ਦੀ ਤੀਜੀ ਮਿਸ਼ਨਰੀ ਯਾਤਰਾ ਵਿਚ ਮੁੜ ਤੋਂ ਉਹਦੇ ਨਾਲ ਜਾਣ ਲਈ ਰੁਕ ਗਿਆ ਸੀ। ਇਹਦੇ ਬਾਅਦ ਲੂਕਾ ਨੇ ਪੌਲੁਸ ਨੂੰ ਉਹਦੇ ਮਰਨ ਤਕ ਨਹੀਂ ਛੱਡਿਆ ਹੋਵੇਗਾ (ਕੁਲੁਸੀਆਂ 4:14; ਫ਼ਿਲੇਮੋਨ 24; 2 ਤਿਮੋਥਿਉਸ 4:11)। ਪੌਲੁਸ ਲਈ ਆਪਣੇ ਕੋਲ ਲੂਕਾ ਅਤੇ ਤਿਮੋਥਿਉਸ ਨੂੰ ਦੁਬਾਰਾ ਪਾਉਣਾ ਕਿੰਨਾ ਹੌਸਲਾ ਵਧਾਉਣ ਵਾਲਾ ਹੋਵੇਗਾ!

ਅਗਲੇ ਪਾਠ ਵਿਚ ਅਸੀਂ ਤ੍ਰੋਆਸ ਵਿਚ ਪੌਲੁਸ ਅਤੇ ਹੋਰਨਾਂ ਦੀ ਕਹਾਣੀ ਦੀ ਗੱਲ ਕਰਾਂਗੇ ਪਰ ਹੁਣ ਲਈ ਮੈਂ ਲੋੜਵੰਦ ਸੰਤਾਂ ਲਈ ਚੰਦੇ ਦੀ ਸਫ਼ਲ ਪ੍ਰਾਪਤੀ ਦੀ ਉਮੀਦ ਕਰਦਾ ਹਾਂ। ਲੂਕਾ ਨੇ ਬਾਅਦ ਵਿਚ ਕਿਹਾ, ''ਜਾਂ ਅਸੀਂ ਯਰੂਸ਼ਲਮ ਵਿਚ ਆ ਪਹੁੰਚੇ ਤਾਂ ਭਾਈਆਂ ਨੇ ਖੁਸ਼ੀ ਨਾਲ ਸਾਡੀ ਆਗਤ ਭਾਗਤ ਕੀਤੀ'' (21:17)। ਅਗਲੇ ਦਿਨ ਉਹ ਐਲਡਰਾਂ ਨੂੰ ਮਿਲੇ (21:18)। ਸ਼ਾਇਦ ਚੰਦਾ ਪੇਸ਼ ਕਰਨ ਸਮੇਂ (ਕਿਉਂਕਿ ਬਾਅਦ ਵਿਚ ਪੌਲੁਸ ਨੇ ਇਸ ਭੇਂਟ ਨੂੰ ''ਆਪਣੀ ਕੌਮ ਦੇ ਲਈ ਦਾਨ'' ਕਿਹਾ, 24:17)। ਪੌਲੁਸ ਦੀ ''ਯਰੂਸ਼ਲਮ ਲਈ ਸੇਵਾ'' ਜ਼ਾਹਿਰ ਤੌਰ ਤੇ ''ਸੰਤਾਂ'' ਨੂੰ ਪਸੰਦ ਆਈ (ਰੋਮੀਆਂ 15:31); ਸਭ ਕੁਝ ਠੀਕ ਠਾਕ ਚਲਦਾ ਰਿਹਾ।

ਚੰਦਾ ਅਸਾਨੀ ਨਾਲ ਇਕੱਠਾ ਨਹੀਂ ਹੋਇਆ ਸੀ ਇਸ ਕੰਮ ਨੂੰ ਪੂਰਾ ਕਰਨ ਲਈ ਚਾਰ ਤੋਂ ਵੱਧ ਸਾਲ ਦਾ ਸਮਾਂ ਲੱਗ ਗਿਆ ਸੀ ਪਰ ਪੌਲੁਸ ਇਸ ਤੋਂ ਪਰੇਸ਼ਾਨ ਨਹੀਂ ਹੋਇਆ; ਉਹਨੇ ਕੰਮ ਪੂਰਾ ਕਰਕੇ ਹੀ ਦਮ ਲਿਆ। ਸਹੀ ਇਰਾਦਾ ਹੀ ਕਾਫ਼ੀ ਨਹੀਂ ਹੈ। ਜਦ ਅਸੀਂ ਕਿਸੇ ਭਲੇ ਕਾਰਜ ਨੂੰ ਸ਼ੁਰੂ ਕਰਦੇ ਹਾਂ ਤਾਂ ਸਾਨੂੰ ਚਾਹੀਦਾ ਹੈ ਕਿ ਉਹਨੂੰ ਪੂਰਾ ਵੀ ਕਰੀਏ (ਲੂਕਾ 14:28-30; 2 ਕੁਰਿੰਥੀਆਂ 8:6, 11)। ਯਿਸੂ ਨੇ ਸਰਦੀਸ ਦੀ ਮੰਡਲੀ ਦੇ ਭਾਈਆਂ ਨੂੰ ਕਿਹਾ ਸੀ, ''ਚੌਕਸ ਹੋ ਜਾਹ ... ਕਿਉਂ ਜੋ ਮੈਂ ਤੇਰੇ ਕੰਮਾਂ ਵਿਚ ਆਪਣੇ ਪ੍ਰਮੇਸ਼ਵਰ ਦੇ ਅੱਗੇ ਪੂਰੇ ਕੋਈ ਨਹੀਂ ਪਾਏ'' (ਪ੍ਰਕਾਸ਼ ਦੀ ਪੋਥੀ 3:2)!

## ਸਾਰ

ਪੌਲੁਸ ਦੇ ਨਮੂਨੇ ਤੋਂ ਅਸੀਂ ਆਪਣੇ ਭਾਈਆਂ ਪ੍ਰਤੀ ਫ਼ਿਕਰ ਦੀ ਲੋੜ ਨੂੰ ਵੇਖਿਆ। ਯੂਹੰਨਾ ਨੇ ਲਿਖਿਆ ਹੈ, ''ਪਰ ਜਿਸ ਕਿਸੇ ਕੋਲ ਸੰਸਾਰ ਦੇ ਪਦਾਰਥ ਹੋਣ ਅਤੇ ਉਹ ਆਪਣੇ ਭਰਾ ਨੂੰ ਲੋੜਵੰਦ ਵੇਖ ਕੇ ਉਸ ਉੱਤੇ ਤਰਸ ਨਾ ਖਾਵੇ ਤਾਂ ਉਹਦੇ ਵਿਚ ਪ੍ਰਮੇਸ਼ਵਰ ਦਾ ਪ੍ਰੇਮ ਕਿਵੇਂ ਰਹਿੰਦਾ ਹੈ?'' (1 ਯੂਹੰਨਾ 3:17)। ''ਲੋੜਵੰਦ'' ਵਾਕਾਂਸ਼ ਵਿਚ ਉਹ ਜਿਸਮਾਨੀ ਲੋੜਾਂ ਵੀ ਸ਼ਾਮਿਲ ਹਨ ਜਿਨ੍ਹਾਂ ਵਿਚ ਅਸੀਂ ਜ਼ੋਰ ਦਿੰਦੇ ਆ ਰਹੇ ਹਾਂ, ਪਰ ਜਜ਼ਬਾਤੀ ਅਤੇ (ਸਭ ਤੋਂ ਜ਼ਰੂਰੀ) ਰੂਹਾਨੀ ਲੋੜਾਂ ਵੀ ਹਨ।

ਅਪਾਣੇ ਪਾਠ ਨੂੰ ਹਰ ਸੰਭਵ ਵਿਹਾਰਕ ਬਣਾਉਣ ਲਈ ਮੈਂ ਪੰਜ ਸਿਫ਼ਾਰਸ਼ਾਂ ਕਰਦਾ ਹਾਂ:

(1) ਨਰਮ ਦਿਲ ਬਣੋ; ਧਿਆਨ ਰੱਖੋ ਕਿ ਕਿਸ ਨੂੰ ਕਿਸ ਚੀਜ਼ ਦੀ ਲੋੜ ਹੈ।

(2) ਕਿਸੇ ਨੂੰ ਲੋੜ ਪੈਣ ਤੇ ਆਪਣਾ ਦਿਲ ਨਰਮ ਰੱਖੋ। ਸਖ਼ਤ ਦਿਲ ਬਣਨਾ ਅਸਾਨ ਹੈ। (ਕੋਈ ਕਹਿੰਦਾ ਹੈ, ''ਉਹ ਆਪਣੀ ਹੀ ਗ਼ਲਤੀ ਨਾਲ ਮੁਸ਼ਕਿਲ ਵਿਚ ਫ਼ਸੇ ਹਨ।'')

(3) ਤੁਸੀਂ ਕਿਵੇਂ ਮਦਦ ਕਰ ਸਕਦੇ ਹੋ, ਇਹਦੇ ਲਈ ਠੋਸ ਅਤੇ ਸਪੱਸ਼ਟ ਯੋਜਨਾ ਬਣਾਓ।

(4) ਵਿਰੋਧ ਹੋਣ ਤੇ ਹੈਰਾਨ ਨਾ ਹੋਵੋ। ਜੇ ਤੁਹਾਡੇ ਆਪਣੇ ਅੰਦਰੋਂ ਵੀ ਵਿਰੋਧ ਹੋਵੇ ਤਾਂ

ਹੈਰਾਨ ਨਾ ਹੋਵੇ।

(5) ਜੋ ਯੋਜਨਾਵਾਂ ਤੁਸੀਂ ਬਣਾਈਆਂ ਹਨ ਉਨ੍ਹਾਂ ਉੱਤੇ ਕੰਮ ਕਰਦੇ ਰਹੋ। ਯਾਦ ਰੱਖੋ ਜੋ ਐਨਾ ਹੀ *ਕਹਿਣ* ਨਾਲ ਕਿ ''ਨਿੱਘੇ ਅੱਤੇ ਰੱਜੇ ਪੁੱਜੇ ਰਹੋ,'' ਸਾਡੇ ਸ਼ਬਦਾਂ ਦਾ ਕੋਈ ਅਰਥ ਨਹੀਂ ਨਿੱਕਲਦਾ (ਯਾਕੂਬ 2:16)।

ਮੇਰਾ ਮੰਨਣਾ ਹੈ ਕਿ ਚੰਦਾ ਲੈਣ ਦਾ ਪੌਲੁਸ ਦਾ ਖ਼ਾਸ ਮਕਸਦ ਕਲੀਸੀਆ ਵਿਚ ਸਬੰਧ ਮਜ਼ਬੂਤ ਕਰਨ ਵਿਚ ਮਦਦ ਕਰਨਾ ਸੀ। ਜੇ ਦੂਜਿਆਂ ਦੀ ਮਦਦ ਲਈ ਮੈਂ ਅਤੇ ਤੁਸੀਂ ਆਪਣੇ ਆਪ ਨੂੰ ਦੇ ਦੇਈਏ ਤਾਂ, ਪ੍ਰਭੂ ਦੀ ਦੇਹ ਵਿਚ ਸ਼ਾਂਤੀ ਅਤੇ ਏਕਤਾ ਲਿਆਉਣ ਵਿਚ ਸਾਡਾ ਬੜਾ ਯੋਗਦਾਨ ਹੋਵੇਗਾ।

## ਸਰਮਨ ਨੋਟਸ

ਪਾਠ ਦਾ ਸਿਰਲੇਖ ਭਾਂਵੇਂ ''ਗ਼ਰੀਬਾਂ ਨੂੰ ਚੇਤੇ ਰੱਖੋ'' ਹੈ, ਪਰ ਮੈਂ ਸੰਤਾਂ ਵਿੱਚੋਂ ਗ਼ਰੀਬਾਂ ਤੇ ਧਿਆਨ ਰੱਖਿਆ ਹੈ। ਤੁਸੀਂ ਚਾਹੋ ਤਾਂ ਸਭ ਗ਼ਰੀਬਾਂ ਨੂੰ ਮਿਲਾ ਸਕਦੇ ਹੋ। ਬਾਈਬਲ ਆਮ ਗ਼ਰੀਬਾਂ ਨਾਲ ਹਮਦਰਦੀ ਰੱਖਣ ਲਈ ਬਹੁਤ ਕੁਝ ਆਖਦੀ ਹੈ। ਸ਼ੁਰੂਆਤ ਕਰਨ ਲਈ ਕੁਝ ਆਇਤਾਂ ਇਸ ਤਰ੍ਹਾਂ ਹਨ: ਮੱਤੀ 19:21; ਲੂਕਾ 14:13, 21; 19:8; 2 ਕੁਰਿੰਥੀਆਂ 9:9; ਯਾਕੂਬ 2:2-6.

ਇਸ ਸਰਮਨ ਵਿਚ ਮੈਂ ਯਰੂਸ਼ਲਮ ਦੇ ਲੋੜਵੰਦ ਸੰਤਾਂ ਲਈ ਚੰਦੇ ਨੂੰ ਸਾਹਮਣੇ ਲਿਆਂਦਾ ਹੈ। ਜੇ ਤੁਸੀਂ ਪੌਲੁਸ ਦੀ ਤੀਜੀ ਯਾਤਰਾ ਦਾ ਸਾਰ ਸਮੇਟਣਾ ਚਾਹੋ ਤਾਂ ''ਪੋਲੁਸ ਦਾ ਵਿਦਾਈ ਫੇਰਾ'' ਤੇ ਪਾਠ ਦੇ ਸਕਦੇ ਹੋ ( ਅਮਰੀਕਾ ਵਿਚ ਮਸ਼ਹੂਰ ਸੰਗੀਤ ਕਲਾਕਾਰ ਰਿਟਾਇਰਮੈਂਟ ਲੈਣ ਦਾ ਐਲਾਨ ਕਰਦੇ ਆਮਤੋਰ ਤੇ ''ਦੇਸ਼ ਦਾ ਵਿਦਾਈ ਫੇਰਾ'' ਲਾਉਂਦੇ ਹਨ)। ਮੁੱਖ ਗੱਲਾਂ ਹੋ ਸਕਦੀਆਂ ਹਨ (1) ਅਸੀਆ ਨੂੰ ਅਲਵਿਦਾ, (2) ਮਕਦੂਨੀਆਂ ਨੂੰ ਅਲਵਿਦਾ ਅਤੇ (3) ਅਖਾਇਆ ਨੂੰ ਅਲਵਿਦਾ। ਤੁਸੀਂ ਧਿਆਨ ਦੇ ਸਕਦੇ ਹੋ ਕਿ ਪੋਲੁਸ ਇਕ ਥਾਂ ''ਅਲਵਿਦਾ'' ਆਖ ਕੇ ਦੂਜੀ ਥਾਂ ''ਹੈਲੋ'' ਆਖਣ ਗਿਆ। ਇਸੇ ਕਰਕੇ ਅਸੀਆ ਤੋਂ ਜਾਣ ਵੇਲੇ ਉਹਦੀ ਯੋਜਨਾ ਮਕਦੂਨੀਆ ਅਤੇ ਅਖਾਇਆ ਨੂੰ ''ਹੈਲੋ'' ਆਖਣ ਦੀ ਸੀ (ਰਸੂਲਾਂ ਦੇ ਕੰਮ 19:21)। ਅਖਾਇਆ ਤੋਂ ਜਾਣ ਵੇਲੇ ਉਹਦੀਆਂ ਯੋਜਨਾਵਾਂ ਯਰੂਸ਼ਲਮ ਅਤੇ ਰੋਮ ਨੂੰ ''ਹੈਲੋ'' ਆਖਣ ਦੀਆਂ ਸਨ (19:21, 22)। ਵਿਦਾਈ ਦੁਖੀ ਕਰਨ ਵਾਲੀ ਹੈ; ਪਰ ਜੇ ਕੋਈ ਖ਼ੁਦਾ ਦੀ ਯੋਜਨਾ ਵਿਚ ਬਣਿਆ ਰਹੇ ਤਾਂ ਜਿੰਦਗੀ ਦੇ ਬਾਅਦ ਵੀ ''ਵਿਦਾਈ'' ਤੋਂ ਬਾਅਦ ''ਹੈਲੋ'' ਹੀ ਹੁੰਦੀ ਹੈ। (ਚਾਹੋ ਤਾਂ ਤੂਸੀਂ ਧਿਆਨ ਦੁਆ ਸਕਦੇ ਹੋ ਕਿ ''ਵਿਦਾਈ ਦੌਰੇ'' ਹਮੇਸ਼ਾ ''ਆਖਰੀ ਦੌਰੇ'' ਨਹੀਂ ਹੁੰਦੇ; ਕਈ ਵਾਰ ਕਲਾਕਾਰ ਆਪਣੀ ਰਿਟਾਇਰਮੈਂਟ ਕੈਂਸਲ ਕਰ ਦਿੰਦੇ ਹਨ। ਪੋਲੁਸ ਨੂੰ ਲੱਗਾ ਸੀ ਕਿ ਉਹ ਯੂਨਾਨ ਅਤੇ ਅਸੀਆ ਵਿਚ ਦੁਬਾਰਾ ਮਸੀਹੀ ਲੋਕਾਂ ਨੂੰ ਨਹੀਂ ਮਿਲ ਸਕੇਗਾ, ਪਰ ਜ਼ਾਹਰ ਤੌਰ ਤੇ ਉਹ ਫੇਰ ਮਿਲਿਆ।)

ਟਿੱਪਣੀਆਂ

[1]ਇਸ ਦੌਰਾਨ ਅਸੀਂ ਪੌਲੁਸ ਦੇ ਲੇਖਾਂ ਰੋਮੀਆਂ, 1 ਅਤੇ 2 ਕੁਰਿੰਥੀਆਂ ਤੋਂ ਮੁੜ ਉਸਾਰੀ ਕਰਾਂਗੇ। ਹੋ ਸਕਦਾ ਹੈ ਕਿ ਲੂਕਾ ਨੇ ਇਸ ਸਮੇਂ ਦਾ ਵੇਰਵਾ ਇਸ ਲਈ ਨਾ ਦਿੱਤਾ ਹੋਵੇ ਕਿਉਂਕਿ ਉਨ੍ਹਾਂ ਪੱਤਰੀਆਂ ਤੋਂ ਇਹ ਵੇਰਵਾ ਪਹਿਲਾਂ ਹੀ ਮਿਲ ਗਿਆ ਸੀ। [2]ਵਿਲੀਅਮ ਬਾਰਕਲੇ, *ਦ ਐਕਟਸ ਆਫ਼ ਦ ਅਪੋਸਟਲਜ਼,* ਦ ਡੇਲੀ ਸਟਡੀ ਬਾਈਬਲ ਸੀਰੀਜ਼, ਸੋਧਿਆ ਅੰਕ (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈਸ, 1976), 148. ਐਫ਼. ਐਫ਼. ਬਰੂਸ ਨੇ ਸੁਝਾਅ ਦਿੱਤਾ ਕਿ ਇਹ ਕਾਲ ਦੋ ਕੁ ਸਾਲ ਤਕ ਰਿਹਾ (*ਦ ਬੁੱਕ ਆਫ਼ ਦ ਐਕਟਸ,* ਸੋਧਿਆ ਅੰਕ [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1988], 381)। [3]ਵਾਕ ਰਚਨਾ ਨੂੰ ਧਿਆਨ ਨਾਲ ਪੜ੍ਹੋ। ਯਰੂਸ਼ਲਮ ਦੇ *ਸਾਰੇ* ਸੰਤ ਕੰਗਾਲ ਨਹੀਂ ਸਨ, ਪਰ ਉਨ੍ਹਾਂ ਵਿੱਚੋਂ *ਕੁਝ* ਹੈ ਸਨ। [4]ਅਗਲੀਆਂ ਘਟਨਾਵਾਂ ਤੋਂ ਇਹ ਸਾਫ਼ ਹੋ ਜਾਂਦਾ ਹੈ। [5]ਆਪਣੇ ਦੂਜੇ ਸਭ ਫ਼ੈਸਲਿਆਂ ਵਾਂਗ, ਮੈਨੂੰ ਯਕੀਨ ਹੈ ਕਿ ਪੌਲੁਸ ਨੇ ਇਹ ਫ਼ੈਸਲਾ ਲੈਣ ਤੋਂ ਪਹਿਲਾਂ ਪ੍ਰਭੂ ਦੀ ਸਲਾਹ ਲਈ ਸੀ। [6]''ਪੌਲੁਸ ਦੀ ਤੀਜੀ ਮਿਸ਼ਨਰੀ ਯਾਤਰਾ'' ਵਾਲਾ ਨਕਸ਼ਾ ਵੇਖੋ। [7]ਸਿਰਫ਼ ਇੱਥੇ ਹੀ ਮਿਲਦਾ ਹੈ ਜਦ ਪੌਲੁਸ ਨੇ ਖ਼ੁਦਾ ਵੱਲੋਂ ਦਿੱਤੇ ਮੌਕੇ ਦਾ ਫ਼ਾਇਦਾ ਨਹੀਂ ਚੁੱਕਿਆ। [8]ਪੌਲੁਸ ਨੇ ਇਹ ਪੱਤਰੀ ਤਿਮੋਥਿਉਸ ਤੋਂ ਲਿਖਵਾਈ ਹੋਵੇਗੀ (2 ਕੁਰਿੰਥੀਆਂ 1:1)। [9]ਪਤਾ ਨਹੀਂ ਇਹ ਦੋ ਬੇਨਾਮ ਭਾਈ ਕੌਣ ਸਨ, ਨਾ ਹੀ ਇਹ ਪਤਾ ਹੈ ਕਿ ਪੌਲੁਸ ਨੇ ਉਨ੍ਹਾਂ ਦਾ ਨਾਂਅ ਕਿਉਂ ਨਹੀਂ ਦਿੱਤਾ। ਲੂਕਾ, ਬਰਨਬਾਸ, ਤਿਮੋਥਿਉਸ ਵਰਗੇ ਨਾਂਵਾਂ ਦਾ ਸੁਝਾਅ ਦਿੱਤਾ ਜਾਂਦਾ ਹੈ। ਸ਼ਾਇਦ ਇਹ ਰਸੂਲਾਂ ਦੇ ਕੰਮ 20:4 ਵਾਲੀਆਂ ਕਲੀਸੀਆਵਾਂ ਦੇ ਦੋ ਦੂਤ ਸਨ। [10]''ਪੌਲੁਸ ਦੀ ਤੀਜੀ ਮਿਸ਼ਨਰੀ ਯਾਤਰਾ'' ਵਾਲਾ ਨਕਸ਼ਾ ਵੇਖੋ। ਪਿਛਲੀ ਯਾਤਰਾ ਨਾਲੋਂ ਮਕਦੂਨੀਆ ਦੀ ਯਾਤਰਾ ਵਿਚ ਇੱਲੁਰਿਕੁਮ ਵਿਚ ਪੌਲੁਸ ਦੀਆਂ ਕੋਸ਼ਿਸ਼ਾਂ ਸਹੀ ਮੇਲ ਖਾਂਦੀਆਂ ਹਨ।

[11]ਪੌਲੁਸ ਨੂੰ ਉਨ੍ਹਾਂ ਨਾਲ ਦੁਬਾਰਾ ਮਿਲਣ ਦੀ ਆਸ ਨਹੀਂ ਸੀ, ਇਸ ਲਈ ਉਹਦਾ ਸਮਝਾਉਣਾ ਲਗਭਗ ਉਵੇਂ ਹੀ ਸੀ ਜਿਵੇਂ ਰਸੂਲਾਂ ਦੇ ਕੰਮ 20:18-35 ਵਿਚ ਮਿਲਦਾ ਹੈ। [12]ਸ਼ਾਇਦ ਉਹ ਉੱਥੇ ਸਿਆਲ ਦੇ ਮਹੀਨਿਆਂ ਵਿਚ ਰਿਹਾ, ਜਦ ਸਫ਼ਰ ਕਰਨਾ ਔਖਾ ਹੁੰਦਾ ਸੀ। [13]ਕਈਆਂ ਦਾ ਅੰਦਾਜ਼ਾ ਹੈ ਕਿ ਗਾਯੁਸ, ਤੀਤੁਸ ਯੁਸਤੁਸ ਦਾ ਤੀਜਾ ਨਾਂਅ ਸੀ (18:7)। [14]ਸਪਸ਼ਟ ਤੌਰ ਤੇ ਪੱਤਰੀ ਤਰਤਿਉਸ ਤੋਂ ਲਿਖਵਾਈ ਗਈ ਸੀ (ਰੋਮੀਆਂ 16:22) ਅਤੇ ਕਿੰਖਰੀਆ ਨਿਵਾਸੀ ਫ਼ੀਬੀ ਦੇ ਹੱਥ ਭੇਜੀ ਗਈ ਹੋਵੇਗੀ (ਰੋਮੀਆਂ 16:1, 2)। (ਕਿੰਖਰੀਆ ਕੁਰਿੰਥੁਸ ਦੀ ਇਕ ਬੰਦਰਗਾਹ ਸੀ।) ਕਿਤਾਬ ਵਿਚ ਇਕ ਦਿਲਚਸਪ ਟਿੱਪਣੀ ਹੈ ਕਿ ਅਕੂਲਾ ਅਤੇ ਪ੍ਰਿਸਕਿੱਲਾ ਰੋਮ ਵਿਚ ਵਾਪਸ ਆ ਗਏ ਸਨ (ਰੋਮੀਆਂ 16:3, 4); ਵਿਚ ਕਿਤੇ ਉਹ ਆਪਣਾ ਕੰਮ ਕਾਜ ਵੇਖਣ ਲਈ ਅਫ਼ਸੁਸ ਛੱਡ ਕੇ ਰੋਮ ਚਲੇ ਗਏ ਸਨ। [15]ਤਿਮੋਥਿਉਸ ਜਿਹਦਾ ਨਾਂਅ ਰਸੂਲਾਂ ਦੇ ਕੰਮ 20:4 ਅਧਿਆਇ ਵਿਚ ਮਿਲਦਾ ਹੈ, ਰੋਮੀਆਂ ਦੀ ਕਿਤਾਬ ਲਿਖੇ ਜਾਣ ਵੇਲੇ ਕੁਰਿੰਥੁਸ ਵਿਚ ਪੌਲੁਸ ਦੇ ਨਾਲ ਸੀ (ਰੋਮੀਆਂ 16:21)। ਦੁਬਾਰਾ, ਜੇ ਰਸੂਲਾਂ ਦੇ ਕੰਮ 20:4 ਵਾਲਾ ਸੋਪਤਰੁਸ ਰੋਮੀਆਂ 16:21 ਵਾਲਾ ਸੋਸੀਪਤਰੁਸ ਹੀ ਹੈ (''ਸੋਸੀਪਤਰੁਸ'' ਦਾ ਛੋਟਾ ਨਾਂਅ ''ਸੋਪਤਰੁਸ'' ਹੈ), ਤਾਂ ਯਕੀਨਨ ਸਾਨੂੰ ਪਤਾ ਲੱਗ ਜਾਂਦਾ ਹੈ ਕੁਰਿੰਥੁਸ ਵਿਚ ਪੌਲੁਸ ਨਾਲ ਇਕ ਹੋਰ ਨੁਮਾਇੰਦਾ ਸੀ। [16]ਜਿਵੇਂ ਪਿਛਲੀ ਟਿੱਪਣੀ ਵਿਚ ਕਿਹਾ ਗਿਆ ਹੈ, ਇਹ ਰੋਮੀਆਂ 16:21 ਵਾਲਾ ਸੋਸੀਪਤਰੁਸ ਹੋ ਸਕਦਾ ਹੈ। [17]ਅਰਿਸਤਰਖੁਸ ਨੂੰ ਅਸੀਂ ਪਿਛਲੇ ਪਾਠ ਵਿਚ ਮਿਲੇ ਸਾਂ। ਪਿਛਲੇ ਪਾਠ ਵਿਚ ਰਸੂਲਾਂ ਦੇ ਕੰਮ 19:29 ਤੇ ਨੋਟਸ ਅਤੇ ਟਿੱਪਣੀਆਂ ਵੇਖੋ। [18]ਸਿਕੰਦੁਸ ਤੋਂ ਭਾਵ ਹੈ ''ਦੂਜਾ।'' ਹੋ ਸਕਦਾ ਹੈ ਕਿ ਉਹ ਆਪਣੇ ਬਾਪ ਦਾ ਦੂਜਾ ਬੇਟਾ ਹੋਵੇ ਜਾਂ ਇਸ ਤੋਂ ਇਹ ਸੰਕੇਤ ਮਿਲ ਸਕਦਾ ਹੈ ਕਿ ਉਹ ਇਕ ਗੁਲਾਮ ਅਤੇ ''ਗਿਣਤੀ ਨਾਲੋਂ ਥੋੜ੍ਹਾ ਵੱਧ'' ਸੀ। ਰੋਮੀਆਂ 16:22, 23 ਵਿਚ ਤਰਤਿਉਸ (ਭਾਵ ''ਚੌਥਾ'') ਦਾ ਜ਼ਿਕਰ ਮਿਲਦਾ ਹੈ। [19]ਪਿਛਲੇ ਪਾਠ ਵਿਚ ਰਸੂਲਾਂ ਦੇ ਕੰਮ 19:29 ਤੇ ਨੋਟਸ ਅਤੇ ਟਿੱਪਣੀਆਂ ਵੇਖੋ। [20]ਤੁਖਿਕੁਸ ਬਾਅਦ ਵਿਚ ਰੋਮ ਵਿਚ ਪੌਲੁਸ ਦੇ ਨਾਲ ਸੀ (ਅਫ਼ਸੀਆਂ 6:21; ਕੁਲੁੱਸੀਆਂ 4:7) ਅਤੇ ਉਹਦੇ ਛੁੱਟਣ ਵੇਲੇ ਉਹਦੇ ਨਾਲ ਗਿਆ (ਤੀਤੁਸ 3:12; 2 ਤਿਮੋਥਿਉਸ 4:12)।

[21]ਇਹ ਤ੍ਰੋਫ਼ਿਮੁਸ ਉਹੀ ਹੈ ਜਿਸ ਨੂੰ ਹੈਕਲ ਵਿਚ ਲਿਜਾਣ ਲਈ ਬਾਅਦ ਵਿਚ ਪੌਲੁਸ ਉੱਤੇ ਇਲਜ਼ਾਮ ਲਾਇਆ ਗਿਆ ਸੀ (21:29)। ਪੌਲੁਸ ਦੀ ਜ਼ਿੰਦਗੀ ਦੇ ਆਖ਼ਰੀ ਹਿੱਸੇ ਵਿਚ ਉਹ ਉਹਦੇ ਨਾਲ ਰਿਹਾ (2 ਤਿਮੋਥਿਉਸ 4:20)। [22]ਅਖਾਇਆ ਦੀਆਂ ਕਲੀਸੀਆਵਾਂ ਦੀ ਨੁਮਾਇੰਦਗੀ ਕਰਨ ਵਾਲਿਆਂ ਵਿੱਚੋਂ ਕਿਸੇ ਦਾ ਨਾਂਅ ਖ਼ਾਸ ਤੌਰ ਤੇ ਨਹੀਂ ਦਿੱਤਾ ਗਿਆ। ਇਹ ਅਜੀਬ ਲਗਦਾ ਹੈ, ਕਿਉਂਕਿ ਇਨ੍ਹਾਂ ਨੁਮਾਇੰਦਿਆਂ ਦੀ ਚੋਣ ਦਾ ਇਕ ਹਵਾਲਾ 1 ਕੁਰਿੰਥੀਆਂ 16:3, 4 ਵਿਚ ਹੈ। ਸ਼ਾਇਦ ਕੁਰਿੰਥੁਸ ਦੀ ਕਲੀਸੀਆ ਨੇ ਪੌਲੁਸ, ਜਾਂ ਤੀਤੁਸ ਜਾਂ 2 ਕੁਰਿੰਥੀਆਂ 8:18-23 ਵਾਲੇ ਦੋਹਾਂ ਬੇਨਾਮ ਦੂਤਾਂ ਨੂੰ ਜਾਂ ਕਿਸੇ ਹੋਰ ਬੇਨਾਮ ਆਦਮੀ ਨੂੰ ਆਪਣਾ ਨੁਮਾਇੰਦਾ ਬਣਨ

ਲਈ ਕਿਹਾ।[23]ਅਜਿਹੀ ਸੰਭਾਵਨਾ ਬਹੁਤ ਘੱਟ ਲਗਦੀ ਹੈ, ਕਿਉਂਕਿ ਪੌਲੁਸ ਸਫ਼ਰ ਵਿਚ ਸਮੇਂ-ਸਮੇਂ ਤੇ ਲੋਕਾਂ ਤੋਂ ਆਪਣੇ ਆਪ ਨੂੰ ਵੱਖ ਕਰ ਲੈਂਦਾ ਸੀ (20:5, 13, 14)। ਇਹਦੀ ਬਹੁਤੀ ਸੰਭਾਵਨਾ ਹੈ ਕਿ ਉਹ ਦੂਤ ਹੀ ਚੰਦਾ ਲੈ ਕੇ ਆਏ ਸਨ।[24]ਸਾਰੇ ਨਹੀਂ ਤਾਂ ਜ਼ਿਆਦਾਤਰ ਪੁਰਖ ਜਿਨ੍ਹਾਂ ਦਾ ਨਾਂਅ ਦਿੱਤਾ ਗਿਆ ਹੈ, ਪ੍ਰਚਾਰਕ ਸਨ ਜਾਂ ਪ੍ਰਚਾਰਕ ਬਣਨ ਦੀ ਸਿਖਲਾਈ ਲੈ ਰਹੇ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਯਰੂਸ਼ਲਮ ਨੂੰ ਜਾਂਦਿਆਂ ਪੌਲੁਸ ਨੇ ਉਨ੍ਹਾਂ ਨੂੰ ਕੁਝ ਸਿਖਾਉਣ ਦੇ ਮੌਕੇ ਦਾ ਫ਼ਾਇਦਾ ਉਠਾਇਆ। ਇਕ ਹੋਰ ਸੰਭਾਵਨਾ ਜੋ ਮੇਰਾ ਧਿਆਨ ਖਿੱਚਦੀ ਹੈ, ਉਹ ਗੈਰ ਕੌਮ ਵਫ਼ਦ ਦਾ ਯਰੂਸ਼ਲਮ ਵਿਚ ਜਾਣ ਦਾ ਇਕ ਮਕਸਦ ਇਨ੍ਹਾਂ ਲੋਕਾਂ ਵੱਲੋਂ ਆਪਣੇ ਯਹੂਦੀ ਭਾਈਆਂ ਨੂੰ *ਆਪ* ਧਨ ਦੇ ਕੇ ''ਸ਼ੁਕਰੀਆ'' ਕਹਿਣਾ ਸੀ। ਹੋ ਸਕੇ ਤਾਂ ਇਸ ਨੂੰ ''ਨਿੱਜੀ ਰੱਖਣ'' ਦਾ ਵਿਚਾਰ ਚੰਗਾ ਹੈ।[25]ਪੌਲੁਸ ਨੂੰ ਮਕਦੂਨੀਆਂ ਵਿਚ ਕਲੇਸ਼ ਸਹਿਣਾ ਪਿਆ ਸੀ (2 ਕੁਰਿੰਥੀਆਂ 7:5); ਹੁਣ ਉਹਨੂੰ ਅਖਾਇਆ ਵਿਚ ਲੜਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।[26]ਪੌਲੁਸ ਦੀ ਮੰਜ਼ਿਲ ਯਰੂਸ਼ਲਮ ਨੂੰ ਜਾਣਾ ਸੀ। ਪਰ ਸਪਸ਼ਟ ਤੌਰ ਤੇ ਜਿਹੜਾ ਜਹਾਜ਼ ਮਿਲਿਆ ਉਹ ਸੀਰੀਆ ਨੂੰ ਜਾਣ ਵਾਲਾ ਸੀ। ਪਹਿਲਾਂ ਪੌਲੁਸ ਦੀ ਯੋਜਨਾ ਅੰਤਾਕੀਆ ਦੇ ਭਾਈਆਂ ਨੂੰ ਦੱਸਣ ਲਈ ਸੀਰੀਆ ਜਾ ਕੇ ਉੱਥੋਂ ਦਾਨ ਲੈਣ ਲਈ ਯਰੂਸ਼ਲਮ ਵਿਚ ਜਾਣ ਦੀ ਹੋਵੇਗੀ।[27]ਯਹੂਦੀਆਂ ਦੀਆਂ ਹੋਰ ਸਾਜ਼ਿਸ਼ਾਂ ਲਈ, ਵੇਖੋ ਰਸੂਲਾਂ ਦੇ ਕੰਮ 9:24; 23:16; 25:3. ਵੇਖੋ 2 ਕੁਰਿੰਥੀਆਂ 11:26.[28]ਸੁਝਾਅ ਦਿੱਤਾ ਗਿਆ ਹੈ ਕਿ ਪੌਲੁਸ ਨੇ ਪਸਾਹ ਲਈ ਯਰੂਸ਼ਲਮ ਜਾਣ ਲਈ ਯਹੂਦੀ ਤੀਰਥ ਯਾਤਰੀਆਂ ਵਾਲੇ ਜਹਾਜ਼ ਵਿਚ ਜਾਣ ਦੀ ਯੋਜਨਾ ਬਣਾਈ ਸੀ। ਪਰ ਲਿਖਤ ਕਹਿੰਦੀ ਹੈ ਕਿ ਪੌਲੁਸ ਨੇ ਪਲਸਤੀਨ ਨਹੀਂ (ਜਿੱਥੇ ਯਰੂਸ਼ਲਮ ਸੀ) ਸਗੋਂ ''ਸੁਰੀਆ ਨੂੰ'' (ਜਿੱਥੇ ਅੰਤਾਕੀਆ ਸੀ) ਜਾਣ ਦੀ ਯੋਜਨਾ ਬਣਾਈ ਸੀ ਇਸ ਲਈ ਇਹ ਬਹੁਤ ਘੱਟ ਸੰਭਾਵਨਾ ਲਗਦੀ ਹੈ।[29]ਪਤਾ ਨਹੀਂ ਯਹੂਦੀਆਂ ਨੂੰ ਚੰਦੇ ਦਾ ਪਤਾ ਸੀ ਜਾਂ ਨਹੀਂ, ਪਰ ਇਸ ਨੂੰ ਗੁਪਤ ਰੱਖਣ ਦਾ ਕੋਈ ਤਰੀਕਾ ਨਹੀਂ ਹੋਵੇਗਾ। ਇਹ ਯਹੂਦੀ ਪੌਲੁਸ ਨੂੰ ਲੁੱਟ ਲੈਂਦੇ (ਜਾਂ ਕਿਸੇ ਕੋਲੋ ਲੁਟਵਾ ਦਿੰਦੇ), ਤਾਂ ਉਹਦੀ ਮੌਤ ਦੀ ਵਜ੍ਹਾ ਅਪਰਾਧਿਕ ਨਹੀਂ ਸਗੋਂ ਧਾਰਮਿਕ ਹੋਣੀ ਸੀ।[30]ਲੂਕਾ ਨੇ ਖ਼ਾਸ ਤੌਰ ਤੇ ਇਹ ਨਹੀਂ ਕਿਹਾ ਕਿ ਦੂਤ ਪੌਲੁਸ ਤੋਂ ਅੱਡ ਕਦੋਂ ਹੋਏ। ਜਿਸ ਦ੍ਰਿਸ਼ ਦਾ ਜ਼ਿਕਰ ਹੈ ਉਹ ਇਕ ਸੰਭਾਵਨਾ ਹੈ। ਅਸੀਂ ਤਾਂ ਇਹ ਵੀ ਪੱਕਾ ਨਹੀਂ ਕਹਿ ਸਕਦੇ ਕਿ ਜਿਨ੍ਹਾਂ ਸੱਤ ਲੋਕਾਂ ਦਾ ਨਾਂਅ ਦਿੱਤਾ ਗਿਆ ਹੈ ਉਹ ਸਾਰੇ ਤ੍ਰੋਆਸ ਵਿਚ ਗਏ ਵੀ ਸਨ ਜਾਂ ਨਹੀਂ। ਵਿਆਕਰਣ ਦੇ ਹਿਸਾਬ ਨਾਲ, ਆਇਤ 5 ਵਿਚ ''ਇਹੋ'' ਸ਼ਬਦ ਆਇਤ 4 ਵਿਚ ਦਿੱਤੇ ਦੋ ਆਖ਼ਰੀ ਲੋਕ ਹੋ ਸਕਦੇ ਹਨ, ਪਰ ਸੱਤੇ ਤ੍ਰੋਆਸ ਵਿਚ ਗਏ ਹੋਣਗੇ।

[31]ਕੁਝ ਭਾਈ ਯਰੂਸ਼ਲਮ ਦੇ ਗ਼ਰੀਬ ਸੰਤਾਂ ਦੇ ਲਈ ਚੰਦੇ ਦੀ ਵਰਤੋਂ ਇਹ ਸੁਝਾਅ ਦੇਣ ਲਈ ਕਰਦੇ ਸਨ ਕਿ ''ਕਲੀਸੀਆਈ ਫ਼ੰਡ'' ਨਾਲ ਸਿਰਫ਼ ਮਸੀਹੀ ਲੋਕਾਂ ਦੀ ਹੀ ਮਦਦ ਹੋ ਸਕਦੀ ਹੈ ਅਤੇ ਉਹ ਵੀ ਤਾਂ ਜੇ ਉਹ ''ਬੇਆਸਰਾ'' ਹੋਣ। ਇਸ ਪੂਰੇ ਪਾਠ ਵਿਚ ਮੈਂ ਇਹ ਜ਼ੋਰ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਚੰਦਾ ਇਕੱਠਾ ਕਰਨ ਦਾ ਮਕਸਦ ਪੀੜਤਾਂ ਨੂੰ ਰਾਹਤ ਦੇਣਾ ਹੀ ਨਹੀਂ (ਜੇ ਯਰੂਸ਼ਲਮ ਦੇ ਗਰੀਬ ਭੁੱਖੇ ਮਰ ਰਹੇ ਸਨ ਤਾਂ ਚੰਦਾ ਪੂਰਾ ਹੋਣ ਤੋਂ ਪਹਿਲਾਂ ਹੀ ਉਹ ਮਰ ਗਏ ਹੁੰਦੇ), ਸਗੋਂ ਪਿਆਰ ਅਤੇ ਸਨਮਾਨ ਵਿਖਾਉਣ ਲਈ ਹੈ। ਸਾਡੇ ਲਈ ਅਜਿਹਾ ਪਿਆਰ ਕਲੀਸੀਆ ਦੇ ਮੈਂਬਰਾਂ ਅਤੇ ਗੈਰ ਮੈਂਬਰਾਂ ਨਾਲ ਵਿਖਾਉਣਾ ਜ਼ਰੂਰੀ ਹੈ, ਇਸ ਤੋਂ ਘੱਟ ਪਿਆਰ ਨਹੀਂ।[32]ਫਿਰ ਰਸੂਲਾਂ ਦੇ ਕੰਮ 20:22 ਵਿਚ ਖ਼ਤਰਿਆਂ ਦੀ ਗੱਲ ਕਰਨ ਵੇਲੇ ਪੌਲੁਸ ਮਕਦੂਨੀਆ ਨਿੱਕਲਣ ਤੋਂ ਬਾਅਦ ਨਗਰ (ਤ੍ਰੋਆਸ) ਵਿਚ ਹੀ ਸੀ। ਇਸ ਲਈ ''ਹਰੇਕ ਨਗਰ'' ਸ਼ਬਦ ਵਿਚ ਮਕਦੂਨੀਆ ਦੇ ਇਕ ਜਾਂ ਵੱਧ ਸ਼ਹਿਰ ਸ਼ਾਮਿਲ ਹੋਣਗੇ।[33]ਅਸਲ 'ਚ ਉਹ ਫ਼ਿਲਿੱਪੈ ਦੀ ਬੰਦਰਗਾਹ ਨਿਆਪੁਲਿਸ ਤੋਂ ਜਹਾਜ਼ ਵਿਚ ਬੈਠੇ ਹੋਣਗੇ (16:11, 12)।[34]ਪਹਿਲਾਂ, ਏਜੀਅਨ ਸਮੁੰਦਰ ਪਾਰ ਕਰਕੇ ਉਸ ਥਾਂ ਪਹੁੰਚਣ ਲਈ ਪੌਲੁਸ ਨੂੰ ਦੋ ਹੀ ਦਿਨ ਲੱਗੇ ਸਨ (16:11); ਉਸ ਵਕਤ ਸਮੁੰਦਰ ਸ਼ਾਂਤ ਹੋਵੇਗਾ ਅਤੇ ਇਸ ਵਾਰ ਹਵਾ ਉਲਟੀ ਸੀ।[35]ਲਿਖਤ ਵਿਚ ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਲੂਕਾ ਅਤੇ ਹੋਰ ਮਸੀਹੀ ਲੋਕਾਂ ਨੇ ਇਹ ਪਰਬ ਮਨਾਇਆ ਹੋਵੇ। ਇਕ ਗੈਰ ਕੌਮ ਹੋਣ ਦੇ ਨਾਤੇ, ਲੂਕਾ ਨੇ ਯਕੀਨਨ ਹੀ ਯਹੂਦੀ ਪਰਬ ਨਹੀਂ ਮਨਾਇਆ ਹੋਵੇਗਾ।[36]''ਅਸੀਂ'' ਸ਼ਬਦ ਵਿਚ ਰਸੂਲਾਂ ਦੇ ਕੰਮ 20:4 ਵਿਚ ਦਿੱਤੇ ਨਾਂਵਾਂ ਲੂਕਾ, ਤੀਤੁਸ ਅਤੇ ਹੋਰ ਜਿੰਨੇ ਵੀ ਲੋਕ ਹੋਣ ਸ਼ਾਮਿਲ ਹੋਣਗੇ, ਪਰ ਇਨ੍ਹਾਂ ਵਿਚ ਲੂਕਾ ਤਾਂ ਹੈ ਹੀ ਸੀ। ਇਕ ਵਾਰ ਫੇਰ ਲੂਕਾ ਨੇ ਪੂਰਾ ਵੇਰਵਾ ਨਹੀਂ ਦਿੱਤਾ। ਪੌਲੁਸ ਦੀ ਮੁਢਲੀ ਯੋਜਨਾ ਮਕਦੂਨੀਆ ਵਿਚ ਮੁੜਨ ਦੀ ਨਹੀਂ ਸੀ, ਇਸ ਲਈ ਹੋ ਸਕਦਾ ਹੈ ਕਿ ਉਹਦੀ ਮੁਢਲੀ ਯੋਜਨਾ ਲੂਕਾ ਅਤੇ ਹੋਰ ਲੋਕਾਂ ਨਾਲ ਤ੍ਰੋਆਸ ਵਿਚ ਮਿਲਣ ਦੀ ਹੋਵੇ; ਜਾਂ ਸ਼ਾਇਦ ਲੂਕਾ ਉਨ੍ਹਾਂ ਬੇਨਾਮ ਭਾਈਆਂ ਵਿੱਚੋਂ ਇਕ ਸੀ ਜੋ ਤੀਤੁਸ ਨਾਲ ਕੁਰਿੰਥੁਸ ਵਿਚ ਗਏ ਸਨ ਅਤੇ ਪੌਲੁਸ ਦੇ ਨਾਲ ਮਕਦੂਨੀਆ ਵਿਚ ਆਣ ਕੇ ਫ਼ਿਲਿੱਪੈ ਨੂੰ ਜਾਣ ਲਈ ਜਹਾਜ਼ ਵਿਚ ਚਲੇ ਗਏ।

© 2009 Truth for Today